Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 2 : # ਅੰਕ 92 27/04/2023 www.samajweekly.com samajweekly @samajweekly samajweekly

# ਛੱਤੀਸਗੜ੍ਹ 'ਚ ਮਾਓਵਾਦੀ ਹਮਲਾ, 10 ਪੁਲਿਸ ਮੁਲਾਜ਼ਮ ਸ਼ਹੀਦ

## ਜਵਾਨਾਂ 'ਤੇ ਵੱਡੀ ਮਾਤਰਾ 'ਚ ਬੀ.ਜੀ.ਐੱਲ (ਬੈਰਲ ਗ੍ਰੇਨੇਡ ਲਾਂਚਰ) ਦਾਗੇ ਗਏ, ਇਸ ਦੇ ਨਾਲ ਹੀ ਡੀਆਰਜੀ, ਸੀਆਰਪੀਐਫ, ਕੋਬਰਾ ਬਟਾਲੀਅਨ ਦੇ ਜਵਾਨਾਂ ਤੋਂ ਹਥਿਆਰ ਵੀ ਲੁੱਟੇ ਗਏ

ਛੱਤੀਸਗੜ੍ਹ। ਅੱਜ ਛੱਤੀਸਗੜ੍ਹ ਦੇ ਦਾਂਤੇਵਾੜਾ 'ਚ ਹੋਏ ਨਕਸਲੀ ਹਮਲੇ 'ਚ 10 ਪੁਲਿਸ ਮੁਲਾਜ਼ਮਾਂ ਦੇ ਸ਼ਹੀਦ ਹੋਣ ਦੀ ਖ਼ਬਰ ਸਾਹ-ਮਣੇ ਆਈ ਹੈ। ਇਹ ਜਵਾਨ ਜ਼ਿਲ੍ਹਾ ਰਿਜ਼ਰਵ ਗਾਰਡ (DRG) ਯੂਨਿਟ ਨਾਲ ਸਬੰਧਤ ਸਨ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਵਾਹਨ ਦਾ ਡਰਾਈਵਰ ਵੀ ਸ਼ਹੀਦ ਹੋ ਗਿਆ ਹੈ। ਉਨ੍ਹਾਂ ਦੀ ਟੀਮ ਮੀਂਹ ਵਿਚ ਫਸੇ ਸੁਰੱਖਿਆ ਬਲਾਂ ਨੂੰ ਬਚਾਉਣ ਲਈ ਜਾ ਰਹੀ ਸੀ। ਇਸ ਦੌਰਾਨ ਨਕਸਲੀਆਂ ਨੇ ਪੁਲਿਸ ਮੁਲਾਜ਼ਮਾਂ ਦੀ ਗੱਡੀ ਨੂੰ ਆਈਈਡੀ ਧਮਾਕੇ ਨਾਲ ਉਡਾ ਦਿੱਤਾ। ਇਹ ਹਮਲਾ ਦਾਂਤੇਵਾੜਾ ਜ਼ਿਲ੍ਹੇ ਦੇ ਅਰਨਪੁਰ ਥਾਣਾ ਖੇਤਰ ਦੇ ਅਧੀਨ ਅਰਨ-ਪੁਰ-ਸਮੇਲੀ ਵਿਚਕਾਰ ਹੋਇਆ। ਸੂਤਰਾਂ ਮੁਤਾਬਕ ਪੁਲਿਸ ਅਤੇ ਨਕਸਲੀਆਂ ਵਿਚਾਲੇ ਮੁੱਠਭੇੜ ਵੀ ਹੋਈ ਹੈ। ਇਸ ਮੁਕਾਬਲੇ ਦੌਰਾਨ ਮਾਓਵਾਦੀਆਂ ਨੇ ਗੱਡੀ 'ਤੇ ਬੰਬ ਸੁੱਟਿਆ ਤੇ ਗੱਡੀ ਦੇ ਪਰਖੱਚੇ ਉੱਡ ਗਏ ਤੇ ਸੜਕ 'ਤੇ ਵੀ ਡੂੰਘਾ ਖੱਡਾ ਪੈ ਗਿਆ। ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਹਮਲੇ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਕਿਹਾ ਹੈ ਕਿ ਸ਼ਹੀਦਾਂ ਦੇ ਪਰਿਵਾਰਾਂ ਨਾਲ ਮੇਰੀ ਸੰਵੇਦਨਾ ਹੈ। ਨਕਸਲੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ ਹਰ ਸੰਭਵ ਮਦਦ ਦੇਣ ਦੀ ਗੱਲ ਕਹੀ ਹੈ। ਬੀਜਾਪੁਰ ਤੋਂ ਕਾਂਗਰਸੀ ਵਿਧਾਇਕ ਵਿਕਰਮ ਮੰਡਵੀ ਦੇ ਕਾਫ਼ਲੇ 'ਤੇ ਇੱਕ ਹਫ਼ਤਾ ਪਹਿਲਾਂ ਮਾਓਵਾਦੀਆਂ ਨੇ ਹਮਲਾ ਕੀਤਾ ਸੀ। ਜਿਸ ਗੱਡੀ ਵਿਚ ਜ਼ਿਲ੍ਹਾ ਪੰਚਾਇਤ ਮੈਂਬਰ ਪਾਰਵਤੀ ਕਸ਼ਯਪ ਬੈਠੀ ਸੀ, ਉਸ 'ਤੇ



ਗੋਲੀਆਂ ਲੱਗੀਆਂ। ਹਰ ਕੋਈ ਸੁਰੱਖਿਅਤ ਹੈ। ਵਿਧਾਇਕ ਵਿਕਰਮ ਮੰਡਵੀ, ਜ਼ਿਲ੍ਹਾ ਪੰਚ-ਾਇਤ ਮੈਂਬਰ ਕਾਂਗਰਸੀ ਆਗੂਆਂ ਨਾਲ ਗੰਗਲੂਰ ਗਏ ਸਨ। ਮੰਗਲਵਾਰ ਨੂੰ ਇੱਥੋਂ ਦੇ ਹਫ਼ਤਾਵਾਰੀ ਹਾਟ ਬਾਜ਼ਾਰ ਵਿਚ ਨੁੱਕੜ ਸਭਾ ਦਾ ਆਯੋਜਨ ਕੀਤਾ ਗਿਆ। ਵਾਪਸ ਪਰਤਦੇ ਸਮੇਂ ਪਡੇਦਾ ਪਿੰਡ ਦੇ ਕੋਲ ਨਕਸਲੀਆਂ ਨੇ ਚੱਲਦੇ ਵਾਹਨਾਂ 'ਤੇ ਗੋਲੀਬਾਰੀ ਕੀਤੀ। 3 ਅਪ੍ਰੈਲ 2021 ਨੂੰ ਬੀਜਾਪੁਰ ਜ਼ਿਲ੍ਹੇ ਦੇ ਤਰੇਮ ਥਾਣਾ ਖੇਤਰ ਦੇ ਟੇਕਲਗੁੜਾ 'ਚ ਹੋਏ ਮੁਕਾਬਲੇ 'ਚ 22 ਜਵਾਨ ਸ਼ਹੀਦ ਹੋ ਗਏ ਸਨ ਅਤੇ 35 ਤੋਂ ਵੱਧ ਜ਼ਖਮੀ ਹੋ ਗਏ ਸਨ। ਉਸ 'ਤੇ 350 ਤੋਂ 400 ਨਕਸਲੀਆਂ ਨੇ ਹਮਲਾ ਕੀਤਾ ਸੀ। ਇਨ੍ਹਾਂ ਵਿਚ ਮਾਓਵਾਦੀਆਂ ਦੇ ਵੱਡੇ ਕਾਡਰਾਂ ਦੇ ਆਗੂ ਵੀ ਮੌਜੂਦ ਸਨ। ਜਵਾਨਾਂ 'ਤੇ ਵੱਡੀ ਮਾਤਰਾ 'ਚ ਬੀ.ਜੀ.ਐੱਲ (ਬੈਰਲ ਗ੍ਰੇਨੇਡ ਲਾਂਚਰ) ਦਾਗੇ ਗਏ। ਇਸ ਦੇ ਨਾਲ ਹੀ ਡੀਆਰਜੀ, ਸੀਆਰਪੀਐਫ, ਕੋਬਰਾ ਬਟਾਲੀਅਨ ਦੇ ਜਵਾਨਾਂ ਤੋਂ ਹਥਿਆਰ ਵੀ ਲੁੱਟੇ ਗਏ। ਕੋਬਰਾ ਦੇ ਜਵਾਨ ਰਾਕੇਸ਼ਵਰ ਸਿੰਘ ਮਿਨਹਾਸ ਨੂੰ ਅਗਵਾ ਕਰ ਲਿਆ ਗਿਆ ਸੀ। ਜਵਾਨਾਂ ਕੋਲੋਂ ਹਥਿਆਰ ਵੀ ਲੁੱਟ ਲਏ ਗਏ। ਇਸ ਮੁਕਾਬਲੇ ਵਿਚ ਨਕਸਲੀਆਂ ਨੇ ਆਪਣੇ ਟੀ.ਸੀ.ਓ.ਸੀ. ਦੌਰਾਨ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਬਾਅਦ ਵਿਚ ਜਵਾਨ ਰਾਕੇਸ਼ਵਰ ਸਿੰਘ ਨੂੰ ਮਾਓਵਾਦੀਆਂ ਨੇ ਰਿਹਾਅ ਕਰ ਦਿੱਤਾ।

# ਆਪ੍ਰੇਸ਼ਨ ਕਾਵੇਰੀ: ਸੂਡਾਨ ਤੋਂ ਹੁਣ ਤੱਕ 530 ਭਾਰਤੀਆਂ ਨੂੰ ਕੱਢਿਆ ਗਿਆ

ਨਵੀਂ ਦਿੱਲੀ। ਭਾਰਤੀ ਹਵਾਈ ਸੈਨਾ ਦੇ ਦੋ ਟਰਾਂਸਪੋਰਟ ਜਹਾਜ਼ਾਂ ਦੁਆਰਾ 250 ਭਾਰਤੀਆਂ ਨੂੰ ਸੂਡਾਨ ਤੋਂ ਬਾਹਰ ਕੱਢਿਆ ਗਿਆ ਹੈ। ਇਸ ਤੋਂ ਪਹਿਲਾਂ 278 ਨਾਗਰਿਕਾਂ ਨੂੰ ਇਸ ਹਿੰਸਾ ਪ੍ਰਭਾਵਿਤ ਅਫਰੀਕੀ ਦੇਸ਼ ਤੋਂ ਜਲ ਸੈਨਾ ਦੇ ਜਹਾਜ਼ ਆਈਐਨਐਸ ਸੁਮੇਧਾ ਰਾਹੀਂ ਬਾਹਰ ਕੱਢਿਆ ਗਿਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ ਸੂਡਾਨ ਤੋਂ ਕੱਢੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 530 ਦੇ ਕਰੀਬ ਪਹੁੰਚ ਗਈ ਹੈ। ਭਾਰਤ ਨੇ ਸੂਡਾਨ ਤੋਂ ਭਾਰਤੀ ਨਾਗਰਿਕਾਂ ਨੂੰ ਕੱਢਣ ਦੀ ਮੁਹਿੰਮ 'ਆਪ੍ਰੇਸ਼ਨ ਕਾਵੇਰੀ' ਦੇ ਹਿੱਸੇ ਵਜੋਂ ਜੇਦਾਹ ਵਿਚ ਇਕ ਆਵਾਜਾਈ ਸਹੂਲਤ ਸਥਾਪਤ ਕੀਤੀ ਹੈ। ਭਾਰਤੀ ਨਾਗਰਿਕਾਂ ਨੂੰ ਸੂਡਾਨ ਤੋਂ ਕੱਢਣ ਮਗਰੋਂ



ਸਾਊਦੀ ਅਰਬ ਦੇ ਇਸ ਸ਼ਹਿਰ ਵਿਚ ਲਿਆਂਦਾ ਜਾ ਰਿਹਾ ਹੈ। ਭਾਰਤ ਨੇ ਮੰਗਲਵਾਰ ਨੂੰ ਆਈਐਨਐਸ ਸੁਮੇਧਾ ਰਾਹੀਂ ਹਿੰਸਾ ਪ੍ਰਭਾਵਿਤ ਸੂਡਾਨ ਤੋਂ 278 ਨਾਗਰਿਕਾਂ ਦੇ ਆਪਣੇ ਪਹਿਲੇ ਜੱਥੇ ਨੂੰ ਬਾਹਰ ਕੱਢਿਆ ਅਤੇ ਉੱਥੇ ਫਸੇ ਬਾਕੀ ਭਾਰਤੀਆਂ ਲਈ ਲੋੜੀਂਦੀ ਰਾਹਤ ਸਮੱਗਰੀ ਪਹੁੰਚਾਈ। ਘੰਟਿਆਂ ਬਾਅਦ, ਭਾਰਤੀ ਹਵਾਈ ਸੈਨਾ ਦਾ ਇਕ 130 ਟ੍ਰਾਂਸਪੋਰਟ ਜਹਾਜ਼ ਹੋਰ ਭਾਰਤੀ ਨਾਗਰਿਕਾਂ ਨੂੰ ਕੱਢਣ ਲਈ ਪੋਰਟ ਸੂਡਾਨ 'ਤੇ ਪਹੁੰਚਿਆ। ਇਸ ਤੋਂ ਬਾਅਦ, ਇਕ ਹੋਰ 130 ਜਹਾਜ਼ ਦੁਆਰਾ ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਨੁਸਾਰ ਪਹਿਲੇ ਸੀ130ਜੇ ਜਹਾਜ਼ ਰਾਹੀਂ 121 ਅਤੇ ਦੂਜੇ ਜਹਾਜ਼ ਰਾਹੀਂ 135 ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ। ਭਾਰਤ ਨੇ ਸੂਡਾਨ ਤੋਂ ਭਾਰਤੀ ਨਾਗਰਿਕਾਂ ਨੂੰ ਕੱਢਣ ਦੀ ਸਹੂਲਤ ਲਈ ਸਾਊਦੀ ਅਰਬ ਦੇ ਸ਼ਹਿਰ ਜੇਦਾਹ ਵਿਚ ਇਕ ਕੰਟਰੋਲ ਰੂਮ ਸਥਾਪਤ ਕੀਤਾ ਹੈ। ਜ਼ਿਕਰਯੋਗ ਹੈ ਕਿ ਸੂਡਾਨ ਤੋਂ ਕਰੀਬ 3000 ਭਾਰਤੀਆਂ ਨੂੰ ਕੱਢਣ ਲਈ ਮੁਹਿੰਮ ਚਲਾਈ ਗਈ ਹੈ। ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨਿਕਾਸੀ ਮੁ-ਹਿੰਮ ਦੀ ਨਿਗਰਾਨੀ ਕਰਨ ਲਈ ਜੇਦਾਹ ਪਹੁੰਚ ਗਏ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਦੱਸਿਆ ਕਿ ਭਾਰਤੀ ਜਲ ਸੈਨਾ ਦਾ ਇਕ ਹੋਰ ਜਹਾਜ਼ ਆਈਐਨਐਸ ਤੇਗ ਸੂਡਾਨ ਤੋਂ ਨਿਕਾਸੀ ਮੁਹਿੰਮ ਵਿਚ ਸ਼ਾਮਲ ਹੋ ਗਿਆ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਕੁਲਵੰਤ ਸਿੰਘ ਦੇ ਪਰਿਵਾਰ ਨਾਲ ਕੀਤੀ ਮੁਲਾਕਾਤ, 1 ਕਰੋੜ ਦਾ ਚੈੱਕ ਕੀਤਾ ਭੇਟ

ਚੰਡੀਗੜ੍ਹ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜੰਮੂ-ਕਸ਼ਮੀਰ ਵਿਖੇ ਦੇਸ਼ ਦੀ ਸੇਵਾ ਦੌਰਾਨ 20 ਅਪ੍ਰੈਲ ਨੂੰ ਸ਼ਹੀਦੀ ਪ੍ਰਾਪਤ ਕਰਨ ਵਾਲੇ ਚਾਰ ਬਹਾਦਰ ਸੈਨਿਕਾਂ ਦੇ ਅੱਜ ਘਰ ਜਾ ਕੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਵਜੋਂ ਇਕ-ਇਕ ਕਰੋੜ ਰੁਪਏ ਦੇ ਚੈੱਕ ਸੌਂਪੇ। ਮੁੱਖ ਮੰਤਰੀ ਨੇ ਇਨ੍ਹਾਂ ਸ਼ਹੀਦਾਂ ਦੇ ਜੱਦੀ ਘਰਾਂ ਦਾ ਦੌਰਾ ਕੀਤਾ ਜਿਨ੍ਹਾਂ ਵਿੱਚ ਹਵਲਦਾਰ ਮਨਦੀਪ ਸਿੰਘ ਪਿੰਡ ਚਣਕੋਈਆਂ ਕਾਕਨ ਜ਼ਿਲ੍ਹਾ ਲੁਧਿਆਣਾ, ਲਾਂਸ ਨਾਇਕ ਕੁਲ-ਵੰਤ ਸਿੰਘ ਪਿੰਡ ਚੜਿੱਕ ਜ਼ਿਲ੍ਹਾ ਮੋਗਾ, ਸਿਪਾਹੀ ਹਰਕ੍ਰਿਸ਼ਨ ਸਿੰਘ ਪਿੰਡ ਤਲਵੰਡੀ ਭਰਥ ਜ਼ਿਲ੍ਹਾ ਗੁਰਦਾਸਪੁਰ ਅਤੇ ਸਿਪਾਹੀ ਸੇਵਕ ਸਿੰਘ ਪਿੰਡ ਬਾਘਾ ਜ਼ਿਲ੍ਹਾ ਬਠਿੰਡਾ ਸ਼ਾਮਲ ਹਨ। ਆਪਣੀ ਇਸ ਫੇਰੀ ਦੌਰਾਨ ਭਗਵੰਤ ਮਾਨ ਨੇ ਇਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਅਤੇ ਵਿਛੜੀ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਲਈ ਪ੍ਰਮਾਤਮਾ



ਅੱਗੇ ਅਰਦਾਸ ਕੀਤੀ। ਦੇਸ਼ ਲਈ ਇਨ੍ਹਾਂ ਨਾਇਕਾਂ ਵੱਲੋਂ ਦਿੱਤੀਆਂ ਮਹਾਨ ਕੁਰਬਾਨੀਆਂ ਦੇ ਸਤਿਕਾਰ ਵਜੋਂ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦੇ ਚੈੱਕ ਸੌਂਪਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਅਤੇ ਲੋਕ ਇਨ੍ਹਾਂ ਸ਼ਹੀਦਾਂ ਦੇ ਰਿਣੀ ਹਨ, ਜਿਨ੍ਹਾਂ ਨੇ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਧਰਤੀ ਮਾਂ ਦੇ ਇਨ੍ਹਾਂ ਸਪੂਤਾਂ ਦੇ ਮਹਾਨ ਯੋਗਦਾਨ ਦੇ ਸਤਿਕਾਰ ਵਜੋਂ ਇਹ ਸੂਬਾ ਸਰਕਾਰ ਦੀ ਇਕ ਨਿਮਾਣੀ ਜਿਹੀ ਸ਼ਰਧਾਂਜਲੀ ਹੈ। ਮੁਲਕ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਫੌਜੀਆਂ ਦੇ ਪਰਿਵਾਰਾਂ ਦੀ ਮਦਦ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਯਕੀਨੀ ਬਣਾਏ।

# ਮੁੱਖ ਮੰਤਰੀ ਵੱਲੋਂ ਦੰਤੇਵਾੜਾ ਵਿਖੇ ਹੋਏ ਨਕਸਲੀ ਹਮਲੇ ਦੀ ਸਖ਼ਤ ਨਿਖੇਧੀ

ਚੰਡੀਗੜ੍ਹ, । ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਛੱਤੀਸਗੜ੍ਹ ਦੇ ਦੰਤੇਵਾੜਾ ਵਿਖੇ ਨਕਸਲੀ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਜਿਸ ਵਿੱਚ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਕਰਦਿਆਂ 11 ਜਵਾਨ ਸ਼ਹੀਦ ਹੋ ਗਏ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਇਸ ਹਮਲੇ ਨੂੰ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਪੈਦਾ ਕਰਨ ਦੇ ਉਦੇਸ਼ ਨਾਲ ਕੀਤੀ ਗਈ ਘਿਨਾਉਣੀ ਕਾਰਵਾਈ ਦੱਸਿਆ। ਭਗਵੰਤ ਮਾਨ ਨੇ ਕਿਹਾ ਕਿ ਇਸ ਗ਼ੈਰ-ਮਨੁੱਖੀ ਅਤੇ ਵਹਿਸ਼ੀ ਕਾਰੇ ਦੀ ਸਾਰਿਆਂ ਨੂੰ ਸਖ਼ਤ ਸ਼ਬਦਾਂ ਵਿੱਚ



ਨਿਖੇਧੀ ਕਰਨੀ ਚਾਹੀਦੀ ਹੈ। ਹਿੰਸਾ ਦੇ ਇਸ ਮੂਰਖਤਾ ਭਰੇ ਕਾਰੇ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਨਕਸਲਵਾਦ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਆਪਕ ਨੀਤੀ ਘੜਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਨਕਸਲੀ ਹਿੰਸਾ ਵਿੱਚ ਵਾਧਾ ਹੋਇਆ ਹੈ ਅਤੇ ਕਈ ਬੇਕਸੂਰਾਂ ਦੀ ਜਾਨ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਵਰਤਾਰਾ ਹੈ ਕਿ ਕਈ ਸੂਬਿਆਂ ਵਿੱਚ ਇਸ ਸਮੱਸਿਆ ਨਾਲ ਨਜਿੱਠਣ 'ਚ ਲੱਗੇ ਹੋਏ ਸੁਰੱਖਿਆ ਬਲਾਂ ਨੂੰ ਅਕਸਰ ਨਕਸਲੀਆਂ ਦੀਆਂ ਕਾਰਵਾਈਆਂ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਭਗਵੰਤ ਮਾਨ ਨੇ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਇਸ ਸਮੱਸਿਆ ਨਾਲ ਸਖ਼ਤੀ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਰਕਾਰ ਇਸ ਮੁੱਦੇ ਨਾਲ ਨਜਿੱਠਣ ਦੇ ਕਿਸੇ ਵੀ ਯਤਨ ਵਿੱਚ ਪੂਰਾ ਸਹਿਯੋਗ ਦੇਵੇਗੀ।

# ਬੇਅਦਬੀ ਕਾਂਡ ਦੇ ਮੁਲਜ਼ਮ ਨੇ ਗਲਾ ਵੱਢ ਕੇ ਕੀਤੀ ਖ਼ੁਦਕੁਸ਼ੀ ਦੀ ਕੋਸ਼ਿਸ਼, ਹਾਲਤ ਗੰਭੀਰ

ਫਰੀਦਕੋਟ। ਪੰਜਾਬ ਦੇ ਫਰੀਦਕੋਟ ਦੇ ਗੋਲੇਵਾਲਾ 'ਚ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ ਮਾਮਲੇ 'ਚ ਫੜੇ ਗਏ ਦੋਸ਼ੀ ਵਿੱਕੀ ਮਸੀਹ ਨੇ ਪੁਲਿਸ ਹਿਰਾਸਤ 'ਚ ਗਲਾ ਵੱਢ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਸਮਾਂ ਰਹਿੰਦੇ ਪੁਲਿਸ ਮੁਲਾਜ਼ਮਾਂ ਨੇ ਗੰਭੀਰ ਜ਼ਖ਼ਮੀ ਹੋਏ ਮੁਲਜ਼ਮ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਦਾਖ਼ਲ ਕਰਵਾਇਆ, ਜਿੱਥੇ ਉਸ ਦੀ ਹਾਲਤ ਸਥਿਰ ਬਣੀ ਹੋਈ ਹੈ। ਘਟਨਾ ਦੀ ਪੁਸ਼ਟੀ ਥਾਣਾ ਸਦਰ ਫਰੀਦਕੋਟ ਦੇ ਇੰਚਾਰਜ ਗੁਰਜਿੰ-ਦਰ ਸਿੰਘ ਨੇ ਕੀਤੀ ਹੈ। 23 ਅਪਰੈਲ ਨੂੰ ਗੋਲੇਵਾਲਾ ਵਿਚ ਇੱਕ ਕਾਰ ਵਿਚ ਸਵਾਰ ਦੋ ਵਿਅਕਤੀਆਂ ਵੱਲੋਂ ਸ੍ਰੀ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਗਲੀਆਂ ਵਿਚ ਖਿਲਾਰ ਦਿੱਤੇ ਗਏ ਸਨ, ਜਿਸ ਤੋਂ ਬਾਅਦ ਲੋਕਾਂ ਵਿਚ ਰੋਸ ਵੱਧ ਗਿਆ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਹਰਕਤ 'ਚ ਆ ਗਿਆ। ਪੁਲਿਸ ਨੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਮਿਲੀ ਵੱਡੀ ਲੀਡ ਤਹਿਤ ਕਾਰ ਨੰਬਰ ਦੀ ਮਦਦ ਨਾਲ ਮੁਲਜ਼ਮ ਵਿੱਕੀ ਮਸੀਹ ਅਤੇ ਰੂਪ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 4



ਦਿਨ ਯਾਨੀ 28 ਅਪਰੈਲ ਤੱਕ ਪੁਲਿਸ ਰਿਮਾਂਡ ਹਾਸਲ ਕੀਤਾ ਹੈ। ਪੁਲਿਸ ਰਿਮਾਂਡ ਦੌਰਾਨ ਵਿੱਕੀ ਮਸੀਹ ਨੇ ਬਲੇਡ ਨਾਲ ਗਲਾ ਵੱਢ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਬਲੇਡ ਉਸ ਨੂੰ ਸਟਾਫ ਦੇ ਬਾਥਰੂਮ ਵਿਚੋਂ ਮਿਲਿਆ ਸੀ। ਇਹ ਸਟਾਫ਼ ਉਸ ਸਮੇਂ ਬਾਥਰੂਮ ਵਿਚ ਪਹੁੰਚਿਆ ਸੀ ਜਦੋਂ ਕੈਦੀਆਂ ਦੇ ਬਾਥਰੂਮਾਂ ਵਿੱਚ ਪਾਣੀ ਨਹੀਂ ਸੀ। ਉਸ ਨੇ ਬਲੇਡ ਨੂੰ ਬਾਥਰੂਮ ਤੋਂ ਛੁਪਾ ਕੇ ਲਾਕਅੱਪ ਵਿਚ ਲੈ ਆਂਦਾ। ਉਥੇ ਹੀ ਉਸ ਨੇ ਗਲਾ ਵੱਢ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਦੀ ਪੁਸ਼ਟੀ ਕਰਦਿਆਂ ਥਾਣਾ ਸਦਰ ਫਰੀਦਕੋਟ ਗੁਰਜਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਵਿੱਕੀ ਮਸੀਹ ਨੂੰ ਜ਼ਖਮੀ ਹਾਲਤ 'ਚ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਸਥਿਰ ਹੈ। ਉਨ੍ਹਾਂ ਮੁਲਜ਼ਮਾਂ ਖ਼ਿਲਾਫ਼ ਖ਼ੁਦਕੁਸ਼ੀ ਦੀ ਕੋਸ਼ਿਸ਼ ਦਾ ਇੱਕ ਹੋਰ ਕੇਸ ਵੀ ਦਰਜ ਕਰ ਲਿਆ ਹੈ। ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ ਗੋਲੇਵਾਲਾ ਕਸਬੇ ਵਿਚ ਵਾਪਰੀ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਦਾ 12 ਘੰਟਿਆਂ ਦੇ ਅੰਦਰ ਹੀ ਪੁਲਿਸ ਨੇ ਖੁਲਾਸਾ ਕੀਤਾ ਹੈ। ਘਟਨਾ ਦੀ ਜਾਂਚ ਕਰ ਰਹੀ ਸੀਆਈਏ ਟੀਮ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਮਿਲੀ ਲੀਡ ਦੀ ਮਦਦ ਨਾਲ ਅੱਗੇ ਵਧਦਿਆਂ ਕਾਰ ਨੰਬਰ ਤੋਂ ਮੁਲਜ਼ਮਾਂ ਤੱਕ ਪਹੁੰਚਣ ਵਿਚ ਸਫ਼ਲ ਹੋ ਗਈ।

# ਧੂਰੀ ਨੇੜੇ ਵਾਪਰੇ ਸੜਕ ਹਾਦਸੇ ਵਿਚ ਮਾਪਿਆਂ ਦੇ ਇਕਲੌਤੇ ਪੁੱਤਰ ਦੀ ਮੌਤ

ਅਮਲੋਹ (ਫ਼ਤਹਿਗੜ੍ਹ ਸਾਹਿਬ) : ਸੜਕ ਹਾਦਸਿਆਂ ਕਾਰਨ ਕਿੰਨੀਆਂ ਹੀ ਜਾਨਾਂ ਜਾਂਦੀਆਂ ਹਨ। ਤਾਜ਼ਾ ਜਾਣਕਾਰੀ ਅਨੁਸਾਰ ਅੱਜ ਧੂਰੀ ਧੂਰੀ ਨੇੜੇ ਵਾਪਰੇ ਇੱਕ ਸੜਕ ਹਾਦਸੇ ਵਿਚ ਨੌਜਵਾਨ ਦੀ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਦੀ ਪਛਾਣ ਸ਼ਾਹ ਨਿਵਾਜ ਵਜੋਂ ਹੋਈ ਹੈ ਅਤੇ ਉਹ ਫ਼ਤਹਿਗੜ੍ਹ ਸਾਹਿਬ ਦੇ ਅਮਲੋਹ ਦਾ ਰਹਿਣ ਵਾਲਾ। ਵੇਰਵਿਆਂ ਅਨੁਸਾਰ ਮੋਟਰਸਾਈਕਲ ਅੱਗੇ ਪਸ਼ੂ ਆਉਣ ਕਾਰਨ ਹਾਦਸਾ ਵਾਪਰਿਆ ਜਿਸ ਵਿਚ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਅਮਲੋਹ ਤਹਿਸੀਲ ਅਧੀਨ ਪੈਂਦੇ ਪਿੰਡ ਮੀਆਂਪੁਰ ਦਾ ਰਹਿਣ ਵਾਲਾ ਸ਼ਾਹ ਨਿਵਾਜ ਜੋ ਕਿ ਏਸੀ ਰਿਪੇਅਰ ਦਾ ਕੰਮ ਕਰਦਾ ਸੀ,ਆਪਣੇ ਮੋਟਰ



ਸਾਈਕਲ 'ਤੇ ਧੂਰੀ ਵੱਲ ਜਾ ਰਿਹਾ ਸੀ। ਰਸਤੇ ਵਿਚ ਅਚਾਨਕ ਇੱਕ ਪਸ਼ੂ ਉਸ ਦੇ ਮੋਟਰਸੈਲ ਅੱਗੇ ਆ ਗਿਆ ਅਤੇ ਉਸ ਨਾਲ ਟੱਕਰ ਹੋਣ ਕਰ ਕੇ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਨੂੰ ਵਿਆਹੇ ਨੂੰ ਅਜੇ ਸਾਲ ਕੁ ਦਾ ਸਮਾਂ ਹੀ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦੀ 2 ਮਹੀਨੇ ਦੀ ਧੀ ਵੀ ਹੈ। ਪੁੱਤਰ ਦੀ ਮੌਤ ਨਾਲ ਪਰਿਵਾਰ ਵਿਚ ਸੋਗ ਦੀ ਲਹਿਰ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਨੌਜਵਾਨ ਨੇ ਖੁਦ ਨੂੰ ਲਗਾਈ ਅੱਗ, ਵਿਧਾਇਕ 'ਤੇ ਪ੍ਰੇਸ਼ਾਨ ਕਰਨ ਦਾ ਦੋਸ਼



ਲਖਨਊ। ਉਨਾਵ ਦੇ ਆਨੰਦ ਮਿਸ਼ਰਾ (45) ਨੇ ਬੁੱਧਵਾਰ ਦੁਪਹਿਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਪੁਲਿਸ ਕਰਮਚਾਰੀਆਂ ਦੇ ਸਾਹਮਣੇ ਖੁਦ ਨੂੰ ਅੱਗ ਲਗਾ ਲਈ। ਸੁਰੱਖਿਆ ਮੁਲਾਜ਼ਮਾਂ ਨੇ ਕੰਬਲ ਪਾ ਕੇ ਅੱਗ ਬੁਝਾਈ ਅਤੇ ਨੌਜਵਾਨ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ। ਉਨ੍ਹਾਂ ਨੇ ਉਨਾਵ ਦੀ ਸਫੀਪੁਰ ਸੀਟ ਤੋਂ ਭਾਜਪਾ ਦੇ ਵਿਧਾਇਕ ਬੰਬਾ ਲਾਲ 'ਤੇ ਉਨ੍ਹਾਂ ਨੂੰ ਪਰੇਸ਼ਾਨ ਕਰਨ ਦਾ ਦੋਸ਼ ਲਗਾਇਆ ਹੈ। ਉਨਾਵ ਦੇ ਮਾਖੀ ਦਾ ਰਹਿਣ ਵਾਲਾ ਆਨੰਦ ਮਿਸ਼ਰਾ ਆਪਣੇ ਪਰਿਵਾਰ ਨਾਲ ਰਹਿੰਦਾ ਹੈ। ਦੁਪਹਿਰ ਕਰੀਬ ਇਕ ਵਜੇ ਉਹ 5 ਕਾਲੀਦਾਸ ਮਾਰਗ ਸਥਿਤ ਮੁੱਖ ਮੰਤਰੀ ਨਿਵਾਸ 'ਤੇ ਪਹੁੰਚਿਆ ਅਤੇ ਗੇਟ ਨੇੜੇ ਜਲਣਸ਼ੀਲ ਪਦਾਰਥ ਪਾ ਕੇ ਆਪਣੇ ਆਪ ਨੂੰ ਅੱਗ ਲਗਾ ਲਈ। ਸੁਰੱਖਿਆ ਕਰਮੀਆਂ ਨੇ ਕਿਸੇ ਤਰ੍ਹਾਂ ਕੰਬਲ ਪਾ ਕੇ ਅੱਗ ਬੁਝਾਈ। ਆਨੰਦ 40 ਫੀਸਦੀ ਝੁਲਸ ਗਿਆ ਹੈ। ਆਤਮਦਾਹ ਦੀ ਸੂਚਨਾ ਮਿਲਦੇ ਹੀ ਏਸੀਪੀ ਹਜ਼ਰਤਗੰਜ, ਇੰਸਪੈਕਟਰ ਗੌਤਮਪੱਲੀ ਅਤੇ ਉਨਾਵ ਪੁਲਿਸ ਵੀ ਸਿਵਲ ਹਸਪਤਾਲ ਪਹੁੰਚ ਗਈ। ਇੰਸਪੈਕਟਰ ਗੌਤਮਪੱਲੀ ਸੁਧੀਰ ਚੌਧਰੀ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ 21 ਅਪ੍ਰੈਲ ਨੂੰ ਨਰਹਰਪੁਰ ਦੇ ਰਹਿਣ ਵਾਲੇ ਭਾਜਪਾ ਵਰਕਰ ਅਤੁਲ ਅਗਨੀਹੋਤਰੀ ਨੇ ਸਫੀਪੁਰ ਥਾਣੇ 'ਚ ਆਨੰਦ ਮਿਸ਼ਰਾ ਖਿਲਾਫ਼ ਰਿਪੋਰਟ ਦਰਜ ਕਰਵਾਈ ਸੀ। ਅਤੁਲ ਨੇ ਦੋਸ਼ ਲਾਇਆ ਕਿ ਆਨੰਦ ਨੇ ਸੋਸ਼ਲ ਮੀਡੀਆ 'ਤੇ ਵਿਧਾਇਕ ਬੰਬਾ ਲਾਲ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਕੁਝ ਦਿਨ ਪਹਿਲਾਂ ਐਸਪੀ ਉਨਾਵ ਦੇ ਸੀਯੂਜੀ ਨੰਬਰ 'ਤੇ ਕਾਲ ਕੀਤੀ। ਉਸ ਦੇ ਪੀਆਰਓ ਨੇ ਫ਼ੋਨ ਚੁੱਕਿਆ। ਆਨੰਦ ਨੇ ਜੁਲਾਈ 'ਚ ਸਫੀਪੁਰ ਦੇ ਵਿਧਾਇਕ ਬੰਬਾ ਲਾਲ ਨੂੰ ਫੋਨ 'ਤੇ ਗੋਲੀ ਮਾਰਨ ਦੀ ਧਮਕੀ ਦਿੱਤੀ ਸੀ। ਗੱਲਬਾਤ ਦਾ ਆਡੀਓ ਵਾਇਰਲ ਹੋ ਗਿਆ। ਆਨੰਦ ਦਾ ਇਲਜ਼ਾਮ ਹੈ ਕਿ ਕੁਝ ਮਹੀਨੇ ਪਹਿਲਾਂ ਪਿੰਡ ਵਿੱਚ ਹੀ ਉਸਦੇ ਭਰਾ 'ਤੇ ਜਾਨਲੇਵਾ ਹਮਲਾ ਹੋਇਆ ਸੀ। ਸ਼ਿਕਾਇਤ ਦੇ ਬਾਵਜੂਦ ਪੁਲਿਸ ਨੇ ਵਿਧਾਇਕ ਦੇ ਦਬਾਅ ਹੇਠ ਕੋਈ ਕਾਰਵਾਈ ਨਹੀਂ ਕੀਤੀ।

# ਜੱਗੂ ਭਗਵਾਨਪੁਰੀਆ ਗੈਂਗ ਦਾ ਭਗੌੜਾ ਅਪਰਾਧੀ ਨਿਤਿਨ ਨਾਹਰ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ। ਏਜੀਟੀਐਫ ਅਤੇ ਸੀਆਈਏ ਅੰਮ੍ਰਿਤਸਰ ਨੇ ਜੱਗੂ ਭਗਵਾਨਪੁਰੀਆ ਗੈਂਗ ਦੇ ਭਗੌੜੇ ਅਪਰਾਧੀ ਨਿਤਿਨ ਨਾਹਰ ਨੂੰ ਉਸ ਦੇ ਦੋ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਪੁਲਿਸ ਨੇ 9 ਜ਼ਿੰਦਾ ਕਾਰਤੂਸ ਸਮੇਤ 3 ਹਥਿਆਰ ਵੀ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਟਵੀਟ ਕਰਕੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਪਰਾਧੀਆਂ ਦੀ ਗ੍ਰਿਫਤਾਰੀ ਨਾਲ ਤਿੰਨ ਯੋਜਨਾਬੱਧ ਕਤਲ ਅਤੇ ਫਿਰੌਤੀ ਦੀਆਂ ਕਈ ਕੋਸ਼ਿਸ਼ਾਂ ਨੂੰ ਰੋਕਿਆ ਗਿਆ ਹੈ।



ਫਿਲਹਾਲ ਅਗਲੇਰੀ ਜਾਂਚ ਜਾਰੀ ਹੈ। ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਮਾਣਹਾਨੀ ਮਾਮਲਾ: ਗੁਜਰਾਤ ਹਾਈ ਕਰੋਟ ਦੀ ਜੱਜ ਨੇ ਰਾਹੁਲ ਗਾਂਧੀ ਦੀ ਅਪੀਲ ਸਬੰਧੀ ਸੁਣਵਾਈ ਤੋਂ ਖੁਦ ਨੂੰ ਕੀਤਾ ਵੱਖ



ਨਵੀਂ ਦਿੱਲੀ। ਰਾਹੁਲ ਗਾਂਧੀ ਨੇ ਮੋਦੀ ਸਰਨੇਮ ਨਾਲ ਜੁੜੇ ਅਪਰਾਧਿਕ ਮਾਣਹਾਨੀ ਮਾਮਲੇ 'ਚ ਸਜ਼ਾ 'ਤੇ ਰੋਕ ਲਗਾਉਣ ਲਈ ਗੁਜਰਾਤ ਹਾਈ ਕੋਰਟ 'ਚ ਅਪੀਲ ਕੀਤੀ ਹੈ। ਇਸ ਦੌਰਾਨ ਗੁਜਰਾਤ ਹਾਈ ਕੋਰਟ ਦੀ ਜਸਟਿਸ ਗੀਤਾ ਗੋਪੀ ਨੇ ਰਾਹੁਲ ਦੀ ਅਪੀਲ 'ਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ ਹੈ। ਇਸ ਤੋਂ ਪਹਿਲਾਂ ਸੂਰਤ ਦੀ ਅਦਾਲਤ ਨੇ ਰਾਹੁਲ ਗਾਂਧੀ ਦੀ ਸਜ਼ਾ 'ਤੇ ਰੋਕ ਲਗਾਉਣ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਸੀ। ਜਾਣਕਾਰੀ ਮੁਤਾਬਕ ਰਾਹੁਲ ਗਾਂਧੀ ਦੇ ਵਕੀਲ ਐਡਵੋਕੇਟ ਪੀਐੱਸ ਚੰਪਨੇਰੀ ਨੇ ਜਸਟਿਸ ਗੀਤਾ ਗੋਪੀ ਦੀ ਅਦਾਲਤ ਦੇ ਸਾਹਮਣੇ ਮਾਮਲੇ ਦਾ ਜ਼ਿਕਰ ਕਰਦਿਆਂ ਤੁਰੰਤ ਸੁਣਵਾਈ ਦੀ ਮੰਗ ਕੀਤੀ। ਪਟੀਸ਼ਨ 'ਤੇ ਸੰਖੇਪ ਸੁਣਵਾਈ ਤੋਂ ਬਾਅਦ ਉਨ੍ਹਾਂ ਕਿਹਾ, 'ਮੇਰੇ ਸਾਹਮਣੇ ਨਹੀਂ'। ਜ਼ਿਕਰਯੋਗ ਹੈ ਕਿ ਸੈਸ਼ਨ ਕੋਰਟ ਦੇ ਹੁਕਮਾਂ ਵਿਰੁਧ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਗੁਜਰਾਤ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਰਾਹੁਲ ਗਾਂਧੀ ਦੇ ਵਕੀਲ ਨੇ ਇਹ ਜਾਣਕਾਰੀ ਜੱਜ ਵੱਲੋਂ ਸੁਣਵਾਈ ਤੋਂ ਵੱਖ ਹੋਣ ਤੋਂ ਬਾਅਦ ਦਿੱਤੀ। ਕਾਂਗਰਸੀ ਆਗੂ ਦੇ ਵਕੀਲ ਚੰਪਾਨੇਰੀ ਨੇ ਕਿਹਾ ਕਿ ਅਦਾਲਤ ਨੇ ਪਹਿਲਾਂ ਉਨ੍ਹਾਂ ਨੂੰ ਬੁੱਧਵਾਰ ਨੂੰ ਮਾਮਲੇ ਦੀ ਸੁਣਵਾਈ ਕਰਨ ਦੀ ਇਜਾਜ਼ਤ ਦਿੱਤੀ ਸੀ, ਪਰ ਜਦੋਂ ਉਹ ਸੁਣਵਾਈ ਲਈ ਆਏ ਤਾਂ ਉਨ੍ਹਾਂ ਨੇ ਮਾਮਲੇ ਦੀ ਸੁਣਵਾਈ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਆਪਣੀ ਅਗਲੀ ਕਾਰਵਾਈ ਬਾਰੇ ਵਿਸਥਾਰ ਵਿਚ ਦੱਸਦਿਆਂ ਉਨ੍ਹਾਂ ਕਿਹਾ ਕਿ ਹੁਣ ਇਸ ਮਾਮਲੇ ਨੂੰ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨ ਲਈ ਕਾਰਜਕਾਰੀ ਚੀਫ਼ ਜਸਟਿਸ ਨੂੰ ਇਕ ਨੋਟ ਭੇਜਿਆ ਜਾਵੇਗਾ। ਚੰਪਾਨੇਰੀ ਨੇ ਕਿਹਾ ਕਿ ਪਹਿਲਾਂ, ਇਸ ਮਾਮਲੇ ਨੂੰ ਜਸਟਿਸ ਗੀਤਾ ਗੋਪੀ ਦੀ ਅਦਾਲਤ ਵਿਚ ਲਿਜਾਣ ਦੀ ਬੇਨਤੀ ਕੀਤੀ ਗਈ ਸੀ ਕਿਉਂਕਿ ਉਨ੍ਹਾਂ ਦੀ ਅਦਾਲਤ ਅਪਰਾਧਿਕ ਸੰਸ਼ੋਧਨ ਦੇ ਵਿਸ਼ੇ ਨਾਲ ਨਜਿੱਠਦੀ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਸੂਰਤ ਦੀ ਅਦਾਲਤ ਨੇ ਮਾਣਹਾਨੀ ਮਾਮਲੇ 'ਚ 2 ਸਾਲ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਸਜ਼ਾ ਦੇ ਤੁਰੰਤ ਬਾਅਦ ਰਾਹੁਲ ਗਾਂਧੀ ਨੂੰ ਜ਼ਮਾਨਤ ਮਿਲ ਗਈ। ਅਦਾਲਤ ਨੇ ਉਨ੍ਹਾਂ ਦੀ ਸਜ਼ਾ ਨੂੰ 30 ਦਿਨਾਂ ਲਈ ਮੁਅੱਤਲ ਕਰ ਦਿੱਤਾ ਸੀ, ਤਾਂ ਜੋ ਰਾਹੁਲ ਗਾਂਧੀ ਉੱਚ ਅਦਾਲਤਾਂ ਵਿਚ ਅਪੀਲ ਕਰ ਸਕੇ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Sham Lal Chander consultant- call number - 07488841161

# ਸਮਲਿੰਗੀ ਵਿਆਹ ਨਾਲ ਸਬੰਧਤ ਪਟੀਸ਼ਨਾਂ ਵਿਚ ਉਠਾਏ ਸਵਾਲਾਂ ਨੂੰ ਸੰਸਦ 'ਤੇ ਛੱਡਣ ਬਾਰੇ ਵਿਚਾਰ ਕਰੇ ਅਦਾਲਤ : ਕੇਂਦਰ

ਨਵੀਂ ਦਿੱਲੀ । ਕੇਂਦਰ ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਉਹ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਨਜ਼ੂਰੀ ਮੰਗਣ ਵਾਲੀਆਂ ਪਟੀਸ਼ਨਾਂ ਵਿਚ ਉਠਾਏ ਸਵਾਲਾਂ ਨੂੰ ਸੰਸਦ ਦੇ ਸਿਰ 'ਤੇ ਛੱਡਣ ਬਾਰੇ ਵਿਚਾਰ ਕਰੇ। ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੂੰ ਦੱਸਿਆ ਕਿ ਸਿਖਰਲੀ ਅਦਾਲਤ ਇੱਕ ਬਹੁਤ ਹੀ ਗੁੰਝਲਦਾਰ ਮੁੱਦੇ ਨਾਲ ਨਜਿੱਠ ਰਹੀ ਹੈ, ਜਿਸ ਦਾ ਡੂੰਘਾ ਸਮਾਜਿਕ ਪ੍ਰਭਾਵ ਹੈ।

ਮਹਿਤਾ ਨੇ ਕਿਹਾ ਕਿ "ਬੁਨਿਆਦੀ ਸਵਾਲ ਇਹ ਹੈ ਕਿ ਕੌਣ ਤੈਅ ਕਰੇਗਾ ਕਿ ਵਿਆਹ ਕਰੂ ਹੈ ਅਤੇ ਕਿਸ ਦੇ ਵਿਚਕਾਰ ਹੈ।" ਉਨ੍ਹਾਂ ਜਸਟਿਸ ਐੱਸ. ਕੇ. ਕੌਲ, ਜਸਟਿਸ ਐਸ.ਆਰ. ਭੱਟ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀ.ਐਸ. ਨਰਸਿਮ੍ਹਾ ਨੇ ਕਿਹਾ ਕਿ ਇਸ ਦਾ ਬਹੁਤ ਸਾਰੇ ਹੋਰ ਵਿਧਾਨਾਂ 'ਤੇ ਵੀ ਅਣਇੱਛਤ ਪ੍ਰਭਾਵ ਪਏਗਾ, ਜਿਸ ਬਾਰੇ ਸਮਾਜ ਅਤੇ ਵੱਖ-ਵੱਖ ਰਾਜ ਵਿਧਾਨ ਸਭਾਵਾਂ ਵਿਚ ਵਿਚਾਰ-ਵਟਾਂਦਰੇ ਦੀ ਜ਼ਰੂਰਤ ਹੋਏਗੀ। ਇਸ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਚੱਲ ਰਹੀ ਹੈ। ਮਾਮਲੇ ਦੀ ਸੁਣਵਾਈ ਦੇ ਪਹਿਲੇ ਦਿਨ 18 ਅਪ੍ਰੈਲ ਨੂੰ ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਉਸ ਦਾ ਮੁੱਢਲਾ ਇਤਰਾਜ਼ ਇਹ ਸੀ ਕਿ ਕੀ ਅਦਾਲਤ ਇਸ ਸਵਾਲ 'ਤੇ ਵਿਚਾਰ ਕਰ ਸਕਦੀ ਹੈ ਜਾਂ ਇਸ ਨੂੰ ਪਹਿਲਾਂ ਸੰਸਦ ਦੁਆਰਾ ਵਿਚਾਰੇ ਜਾਣ ਦੀ ਲੋੜ ਹੈ।



ਮਹਿਤਾ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਜਿਸ ਵਿਸ਼ੇ ਨਾਲ ਨਿਪਟ ਰਹੀ ਹੈ, ਉਹ ਅਸਲ ਵਿਚ ਵਿਆਹ ਦੇ ਸਮਾਜਿਕ-ਕਾਨੂੰਨੀ ਸਬੰਧਾਂ ਨਾਲ ਸਬੰਧਤ ਹੈ, ਜੋ ਸਮਰੱਥ ਵਿਧਾਨ ਸਭਾ ਦੇ ਦਾਇਰੇ ਵਿਚ ਹੋਵੇਗਾ। ਉਹਨਾਂ ਨੇ ਕਿਹਾ ਸੀ ਕਿ "ਇਹ ਵਿਸ਼ਾ ਸਮਕਾਲੀ ਸੂਚੀ ਵਿਚ ਹੈ, ਇਸ ਲਈ ਅਸੀਂ ਇੱਕ ਰਾਜ ਦੁਆਰਾ ਇਸ ਦੇ ਲਈ ਸਹਿਮਤ ਹੋਣ, ਦੂਜੇ ਰਾਜ ਦੁਆਰਾ ਇਸ ਦੇ ਹੱਕ ਵਿਚ ਕਾਨੂੰਨ ਬਣਾਉਣ ਅਤੇ ਦੂਜੇ ਰਾਜ ਦੁਆਰਾ ਇਸ ਦੇ ਵਿਰੁੱਧ ਕਾਨੂੰਨ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।" ਇਸ ਲਈ, ਰਾਜਾਂ ਦੀ ਗੈਰ-ਮੌਜੂਦਗੀ ਵਿਚ ਪਟੀਸ਼ਨਾਂ ਨੂੰ ਸੰਭਾਲਣਯੋਗ ਨਹੀਂ ਹੋਵੇਗਾ, ਇਹ ਮੇਰੇ ਮੁੱਢਲੇ ਇਤਰਾਜ਼ਾਂ ਵਿੱਚੋਂ ਇੱਕ ਹੈ। ਬੈਂਚ ਨੇ 18 ਅਪ੍ਰੈਲ ਨੂੰ ਸਪੱਸ਼ਟ ਕੀਤਾ ਸੀ ਕਿ ਉਹ ਇਨ੍ਹਾਂ ਪਟੀਸ਼ਨਾਂ 'ਤੇ ਫ਼ੈਸਲਾ ਕਰਦੇ ਸਮੇਂ ਵਿਆਹ ਨਾਲ ਸਬੰਧਤ 'ਪਰਸਨਲ ਲਾਅ' 'ਤੇ ਵਿਚਾਰ ਨਹੀਂ ਕਰੇਗੀ। ਕੇਂਦਰ ਨੇ ਸੁਪਰੀਮ ਕੋਰਟ ਵਿਚ ਦਾਇਰ ਆਪਣੇ ਇੱਕ ਹਲਫ਼ਨਾਮੇ ਵਿਚ ਪਟੀਸ਼ਨਾਂ ਨੂੰ ਸਮਾਜਿਕ ਸਵੀਕਾਰਤਾ ਦੇ ਉਦੇਸ਼ ਲਈ ਇੱਕ 'ਸ਼ਹਿਰੀ ਕੁਲੀਨ' ਵਿਚਾਰ ਦਾ ਪ੍ਰਤੀਬਿੰਬ ਕਰਾਰ ਦਿੱਤਾ। ਇਸ ਦੇ ਨਾਲ ਹੀ ਇਹ ਕਿਹਾ ਗਿਆ ਕਿ ਵਿਆਹ ਨੂੰ ਮਾਨਤਾ ਦੇਣਾ ਇਕ ਵਿਧਾਨਿਕ ਐਕਟ ਹੈ ਜਿਸ 'ਤੇ ਅਦਾਲਤਾਂ ਨੂੰ ਫੈਸਲਾ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕੇਂਦਰ ਨੇ 19 ਅਪ੍ਰੈਲ ਨੂੰ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਇਨ੍ਹਾਂ ਪਟੀਸ਼ਨਾਂ 'ਤੇ ਕਾਰਵਾਈ ਲਈ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਧਿਰ ਬਣਾਇਆ ਜਾਵੇ। ਅਦਾਲਤ ਵਿਚ ਦਾਇਰ ਇੱਕ ਤਾਜ਼ਾ ਹਲਫ਼ਨਾਮੇ ਵਿਚ, ਕੇਂਦਰ ਨੇ ਕਿਹਾ ਕਿ ਉਸ ਨੇ 18 ਅਪ੍ਰੈਲ ਨੂੰ ਸਾਰੇ ਸੂਬਿਆਂ ਨੂੰ ਇੱਕ ਪੱਤਰ ਭੇਜ ਕੇ ਇਨ੍ਹਾਂ ਪਟੀਸ਼ਨਾਂ ਵਿਚ ਉਠਾਏ ਗਏ ਮੁੱਦਿਆਂ 'ਤੇ ਟਿੱਪਣੀਆਂ ਅਤੇ ਵਿਚਾਰਾਂ ਨੂੰ ਸੱਦਾ ਦਿੱਤਾ ਹੈ। ਬੈਂਚ ਨੇ 25 ਅਪ੍ਰੈਲ ਨੂੰ ਮਾਮਲੇ ਦੀ ਸੁਣਵਾਈ ਕਰਦੇ ਹੋਏ ਕਿਹਾ ਸੀ ਕਿ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਚ ਉਠਾਏ ਮੁੱਦਿਆਂ 'ਤੇ ਸੰਸਦ ਕੋਲ ਨਿਰਵਿਵਾਦ ਵਿਧਾਨਕ ਸ਼ਕਤੀ ਹੈ।

# ਪਾਕਿਸਤਾਨ 'ਚ ਵੈਨ ਅਤੇ ਟਰੱਕ ਦੀ ਆਪਸ 'ਚ ਹੋਈ ਭਿਆਨਕ ਟੱਕਰ, 7 ਲੋਕਾਂ ਦੀ ਮੌਤ

ਇਸਲਾਮਾਬਾਦ। ਪਾਕਿਸਤਾਨ ਦੇ ਪੂਰਬੀ ਪੰਜਾਬ ਸੂਬੇ ਵਿਚ ਇਕ ਹਾਦਸਾ ਵਾਪਰ ਗਿਆ। ਇਥੇ ਟੋਬਾ ਟੇਕ ਸਿੰਘ ਜ਼ਿਲ੍ਹੇ 'ਚ ਯਾਤਰੀ ਵੈਨ ਅਤੇ ਇੱਕ ਮਿੰਨੀ ਟਰੱਕ ਦੀ ਟੱਕਰ ਹੋ ਗਈ। ਹਾਦਸੇ ਵਿਚ 7 ਲੋਕਾਂ ਦੀ ਮੌਤ ਹੋ ਗਈ। ਜਦਕਿ 19 ਲੋਕ ਗੰਭੀਰ ਜ਼ਖਮੀ ਹੋ ਗਏ। ਸੂਚਨਾ ਮਿਲਦੇ ਹੀ ਪੁਲਿਸ ਅਤੇ ਬਚਾਅ ਟੀਮਾਂ ਨੂੰ ਤੁਰੰਤ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ। ਹਾਦਸੇ ਤੋਂ ਬਾਅਦ ਦੋਵੇਂ ਵਾਹਨਾਂ ਨੂੰ ਅੱਗ ਲੱਗ ਗਈ। ਇਸ ਹਾਦਸੇ 'ਚ 7 ਲੋਕਾਂ ਦੀ ਮੌਤ ਹੋ ਗਈ ਅਤੇ 19




ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ। ਬੁਰੀ ਤਰ੍ਹਾਂ ਝੁਲਸਣ ਕਾਰਨ ਕਈਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ ਵਾਹਨਾਂ ਦੀ ਟੱਕਰ ਤੋਂ ਬਾਅਦ ਇਨ੍ਹਾਂ 'ਚ ਫਿੱਟ ਗੈਸ ਸਿਲੰਡਰ ਫਟ ਗਿਆ ਅਤੇ ਵਾਹਨਾਂ ਨੂੰ ਅੱਗ ਲੱਗ ਗਈ।

# ਅੰਮ੍ਰਿਤਸਰ 'ਚ ਖੰਭੇ ਨਾਲ ਟਕਰਾਈ ਸਵਾਰੀਆਂ ਨਾਲ ਭਰੀ ਬੱਸ, ਮਚ ਗਿਆ ਚੀਕ ਚਿਹਾੜਾ

ਅੰਮ੍ਰਿਤਸਰ। ਅੰਮ੍ਰਿਤਸਰ ਦੇ ਬੱਸ ਸਟੈਂਡ ਨੇੜੇ ਅੱਜ ਵੱਡਾ ਸੜਕ ਹਾਦਸਾ ਵਾਪਰ ਗਿਆ। ਜਾਣਕਾਰੀ ਮੁਤਾਬਕ ਇਹ ਹਾਦਸਾ ਬੱਸ ਦੀ ਬ੍ਰੇਕ ਫੇਲ ਹੋਣ ਕਾਰਨ ਵਾਪਰਿਆ। ਇਸ ਦੌਰਾਨ ਸਵਾਰੀਆਂ ਨਾਲ ਭਰੀ ਬੱਸ ਬੇਕਾਬੂ ਹੋ ਕੇ ਖੰਭੇ ਨਾਲ ਜਾ ਟਕਰਾਈ। ਜਿਸ ਕਾਰਨ ਦਰਜਨ ਤੋਂ ਵੱਧ ਸਵਾਰੀਆਂ ਗੰਭੀਰ ਜ਼ਖ਼ਮੀ ਹੋ ਗਈਆਂ। ਜ਼ਖਮੀਆਂ ਨੂੰ ਅੰਮ੍ਰਿਤਸਰ ਦੇ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਐਂਬੂਲੈਂਸ ਦੀ ਮਦਦ ਨਾਲ ਜ਼ਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ। ਹਾਦਸੇ ਦੌਰਾਨ ਸੜਕ 'ਤੇ ਖੜ੍ਹੇ ਲੋਕਾਂ ਅਤੇ ਪੁਲਿਸ ਨੇ ਕਿਸੇ ਤਰ੍ਹਾਂ ਭੱਜ ਕੇ ਆਪਣੀ ਜਾਨ ਬਚਾਈ।



# ਬਹੁਤ ਸ਼ਰਮ ਦੀ ਗੱਲ ਹੈ ਕਿ ਖਿਡਾਰੀਆਂ ਨੂੰ ਇਨਸਾਫ਼ ਲਈ ਸੜਕਾਂ ’ਤੇ ਉਤਰਨਾ ਪੈ ਰਿਹਾ ਹੈ: ਸੱਤਿਆਪਾਲ ਮਲਿਕ

ਨਵੀਂ ਦਿੱਲੀ। ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੇ ਕਿਹਾ ਕਿ ਇਹ ਸ਼ਰਮਨਾਕ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਫਲਤਾ ਹਾਸਲ ਕਰਨ ਵਾਲੇ ਸਨਮਾਨਿਤ ਖਿਡਾਰੀਆਂ ਨੂੰ ਇਨਸਾਫ ਲਈ ਸੜਕਾਂ 'ਤੇ ਬੈਠਣਾ ਪੈ ਰਿਹਾ ਹੈ। ਜੰਮੂ-ਕਸ਼ਮੀਰ ਦੇ ਆਖਰੀ ਰਾਜਪਾਲ ਰਹੇ ਮਲਿਕ ਨੇ ਕਿਹਾ ਕਿ ਉਨ੍ਹਾਂ ਨੇ ਮੰਗਲਵਾਰ ਰਾਤ ਓਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਨਾਲ ਗੱਲ ਕੀਤੀ ਅਤੇ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦਾ ਵਾਅਦਾ ਕੀਤਾ ਸੀ। ਦੇਸ਼ ਦੇ ਚੋਟੀ ਦੇ ਪਹਿਲਵਾਨਾਂ ਨੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਐਤਵਾਰ ਨੂੰ ਜੰਤਰ-ਮੰਤਰ 'ਤੇ ਆਪਣਾ ਧਰਨਾ ਮੁੜ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਬ੍ਰਿਜ ਭੂਸ਼ਣ 'ਤੇ ਮਹਿਲਾ ਪਹਿਲਵਾਨਾਂ ਨੂੰ ਧਮਕਾਉਣ ਅਤੇ ਜਿਨਸੀ ਸ਼ੋਸ਼ਣ ਕਰਨ ਦਾ ਇਲਜ਼ਾਮ ਲਗਾਇਆ ਹੈ। ਮਲਿਕ ਨੇ ਕਿਹਾ, “ਜਦੋਂ ਸਾਡੀਆਂ ਧੀਆਂ ਤਮਗੇ ਜਿੱਤ ਕੇ ਤਿਰੰਗਾ ਲਹਿਰਾਉਂਦੀਆਂ ਹਨ, ਉਸ ਸਮੇਂ ਅਸੀਂ ਬੇਸ਼ਰਮਾਂ ਵਾਂਗ ਉਨ੍ਹਾਂ ਨੂੰ ਚਾਹ ’ਤੇ ਬੁਲਾਉਂਦੇ ਹਾਂ ਅਤੇ ਤਸਵੀਰਾਂ ਖਿਚਵਾਉਂਦੇ ਹਾਂ ਪਰ ਅੱਜ ਉਹ ਸੜਕਾਂ 'ਤੇ ਹਨ। ਸਾਨੂੰ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੀਦਾ ਹੈ”। ਉਨ੍ਹਾਂ ਕਿਹਾ, "ਮੈਂ ਤੁਹਾਨੂੰ



ਸਾਰਿਆਂ ਨੂੰ ਉਨ੍ਹਾਂ ਦਾ ਸਮਰਥਨ ਕਰਨ ਦੀ ਅਪੀਲ ਕਰਦਾ ਹਾਂ। ਵੱਧ ਤੋਂ ਵੱਧ ਲੋਕਾਂ ਨੂੰ ਇੱਥੇ ਇਕੱਠਾ ਹੋਣਾ ਚਾਹੀਦਾ ਹੈ।” ਮਲਿਕ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਮਹਿਲਾ ਪਹਿਲਵਾਨਾਂ ਨੂੰ ਜਿਨਸੀ ਸ਼ੋਸ਼ਣ ਦੇ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ, “ਇਹ ਸਿਰਫ਼ ਤੁਹਾਡੀ ਲੜਾਈ ਨਹੀਂ ਹੈ। ਇਹ ਸਾਡੀਆਂ ਧੀਆਂ ਦੀ ਇੱਜ਼ਤ ਦੀ ਲੜਾਈ ਹੈ। ਚੌਧਰੀ ਚਰਨ ਸਿੰਘ ਕਹਿੰਦੇ ਸਨ ਕਿ ਜੇਕਰ ਕੋਈ ਔਰਤ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਕਰਦੀ ਹੈ ਤਾਂ ਉਸ ਤੋਂ ਪੁੱਛਗਿੱਛ ਨਹੀਂ ਹੋਣੀ ਚਾਹੀਦੀ, ਸਬੂਤ ਨਹੀਂ ਮੰਗਣੇ ਚਾਹੀਦੇ। ਸਾਨੂੰ ਉਸ ’ਤੇ ਵਿਸ਼ਵਾਸ ਕਰਨਾ ਚਾਹੀਦਾ ਹੈ”। ਪਹਿਲਵਾਨਾਂ ਦੀ ਹਮਾਇਤ ਵਿਚ ਪਿਛਲੇ ਤਿੰਨ ਦਿਨਾਂ ਤੋਂ ਵੱਖ-ਵੱਖ ਕਿਸਾਨ ਜਥੇਬੰਦੀਆਂ, ਖਾਪ ਆਗੂ, ਸਿਆਸਤਦਾਨ ਅਤੇ ਮਹਿਲਾ ਜਥੇਬੰਦੀਆਂ ਵੀ ਧਰਨੇ ਵਾਲੀ ਥਾਂ ’ਤੇ ਪਹੁੰਚ ਰਹੀਆਂ ਹਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੰਤਰੀ ਸੰਦੀਪ ਸਿੰਘ 'ਤੇ ਇਲਜ਼ਾਮ ਲਗਾਉਣ ਵਾਲੀ ਕੋਚ 'ਤੇ ਹਮਲਾ, ਸਕੂਟੀ 'ਚ ਪੈਟਰੋਲ ਪਵਾਉਣ ਜਾ ਰਹੀ ਸੀ ਮਹਿਲਾ ਕੋਚ





ਹਰਿਆਣਾ । ਹਰਿਆਣਾ ਦੇ ਸਾਬਕਾ ਖੇਡ ਮੰਤਰੀ ਸੰਦੀਪ ਸਿੰਘ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਣ ਵਾਲੀ ਜੂਨੀਅਰ ਮਹਿਲਾ ਕੋਚ 'ਤੇ ਜਾਨਲੇਵਾ ਹਮਲਾ ਹੋਇਆ ਹੈ। ਇਹ ਕੋਚ ਰਾਤ ਕਰੀਬ 9 ਵਜੇ ਆਪਣੀ ਸਕੂਟੀ 'ਚ ਪੈਟਰੋਲ ਪਵਾਉਣ ਲਈ ਆਪਣੀ ਮਹਿਲਾ ਦੋਸਤ ਨਾਲ ਪੰਚਕੂਲਾ ਜਾ ਰਹੀ ਸੀ। ਇਸੇ ਦੌਰਾਨ ਸੈਕਟਰ-8 ਵਿਚ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਇੱਕ ਬਲੈਕ ਐਂਡੀਵਰ ਨੇ ਸਰਵਿਸ ਰੋਡ 'ਤੇ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਹ ਵਾਲ-ਵਾਲ ਬਚੀ। ਹਾਲਾਂਕਿ ਇਸ ਤੋਂ ਬਾਅਦ ਐਂਡੀਵਰ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਜੂਨੀਅਰ ਮਹਿਲਾ ਕੋਚ ਨੇ ਸੈਕਟਰ 5 ਦੇ ਥਾਣੇ ਵਿਚ ਇਸ ਮਾਮਲੇ ਦੀ ਤਹਿਰੀਕ ਦਿੱਤੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਹਮਲਾਵਰ ਐਂਡੇਵਰ ਪੰਜਾਬ ਨੰਬਰ ਦੀ ਸੀ। ਇਸ ਜਾਨਲੇਵਾ ਹਮਲੇ ਤੋਂ ਪਹਿਲਾਂ ਜੂਨੀਅਰ ਮਹਿਲਾ ਕੋਚ ਨੂੰ ਉਸ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਧਮਕੀਆਂ ਮਿਲੀਆਂ ਸਨ। ਇਹ ਧਮਕੀ ਹਮਲੇ ਤੋਂ 2 ਘੰਟੇ ਪਹਿਲਾਂ ਦਿੱਤੀ ਗਈ ਸੀ। ਧਮਕੀ ਦੇਣ ਵਾਲੇ ਨੇ ਕਿਹਾ ਸੀ ਕਿ ਹੁਣ ਤੱਕ ਉਹ ਧਮਕੀਆਂ ਦੇ ਰਿਹਾ ਸੀ, ਹੁਣ ਉਹ ਕਰ ਕੇ ਵੀ ਦਿਖਾਵੇਗਾ। ਇਸ ਤੋਂ ਬਾਅਦ ਇਹ ਹਮਲਾ ਹੋਇਆ। ਕੋਚ ਮੁਤਾਬਕ ਉਸ ਨੂੰ ਪਹਿਲਾਂ ਵੀ ਕਈ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ ਪਰ ਇਹ ਪਹਿਲੀ ਵਾਰ ਹੈ ਜਦੋਂ ਉਸ 'ਤੇ ਹਮਲਾ ਹੋਇਆ ਹੈ। ਜੂਨੀਅਰ ਮਹਿਲਾ ਕੋਚ ਨੇ ਸ਼ਿਕਾਇਤ ਵਿਚ ਲਿਖਿਆ ਹੈ ਕਿ ਉਸ ਨੇ 29 ਦਸੰਬਰ 2022 ਨੂੰ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ। ਇਹ ਸ਼ਿਕਾਇਤ ਹਰਿਆਣਾ ਦੇ ਸਾਬਕਾ ਖੇਡ ਮੰਤਰੀ ਸੰਦੀਪ ਸਿੰਘ ਖਿਲਾਫ਼ ਸੀ। ਤਹਿਰੀਰ ਦੇ ਆਧਾਰ 'ਤੇ ਚੰਡੀਗੜ੍ਹ ਪੁਲਿਸ ਨੇ ਸੰਦੀਪ ਸਿੰਘ ਖ਼ਿਲਾਫ਼ ਧਾਰਾ 342, 354, 354ਏ, 354ਬੀ, 506 ਆਈਪੀਸੀ ਤਹਿਤ ਕੇਸ ਦਰਜ ਕੀਤਾ ਸੀ। ਕੇਸ ਤੋਂ ਬਾਅਦ ਮੈਨੂੰ ਲਗਾਤਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਹਰਿਆਣਾ ਪੁਲਿਸ ਨੇ ਮੈਨੂੰ ਸੁਰੱਖਿਆ ਦਿੱਤੀ ਹੋਈ ਹੈ। ਜੂਨੀਅਰ ਮਹਿਲਾ ਕੋਚ ਨੇ ਤਹਿਰੀਰ 'ਚ ਹਮਲਾਵਰ ਦੇ ਕਿਰਦਾਰ ਦਾ ਜ਼ਿਕਰ ਕੀਤਾ ਹੈ। ਕੋਚ ਨੇ ਰਿਪੋਰਟ ਦਿੱਤੀ ਹੈ ਕਿ ਐਂਡੇਵਰ ਚਲਾ ਰਹੇ ਵਿਅਕਤੀ ਦੇ ਲੰਬੇ ਵਾਲ ਸਨ, ਅਤੇ ਉਸ ਨੇ ਆਪਣੇ ਵਾਲ ਖੁੱਲ੍ਹੇ ਰੱਖੇ ਹੋਏ ਸਨ। ਹਮਲੇ ਦੌਰਾਨ ਉਸ ਨੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਜਿਸ ਤੋਂ ਬਾਅਦ ਉਹ ਆਪਣੀ ਕਾਰ ਵਿਚ ਫ਼ਰਾਰ ਹੋ ਗਿਆ। ਹਾਲਾਂਕਿ ਇਸ ਦੌਰਾਨ ਕਈ ਲੋਕਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕਿਆ। ਮਹਿਲਾ ਕੋਚ ਨੇ ਦੱਸਿਆ ਕਿ ਇਸ ਹਮਲੇ ਤੋਂ ਬਾਅਦ ਉਸ ਨੇ ਡਾਇਲ 112 'ਤੇ ਕਾਲ ਕੀਤੀ, ਪਰ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਬਾਅਦ ਕੋਚ ਨੇ ਆਪਣੀ ਸੁਰੱਖਿਆ ਅਧਿਕਾਰੀ ਐਸਆਈ ਨੇਹਾ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਕੋਚ ਨੇ ਦੱਸਿਆ ਕਿ ਇਹ ਮੇਰੀ ਸੁਰੱਖਿਆ ਦੀ ਉਲੰਘਣਾ ਸੀ ਅਤੇ ਮੇਰੀ ਜਾਨ ਲਈ ਵੀ ਖਤਰਾ ਸੀ, ਜਿਸ ਕਾਰਨ ਅਜਿਹੀ ਦਿਲ ਦਹਿਲਾਉਣ ਵਾਲੀ ਘਟਨਾ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

## ਸਿੰਗਾਪੁਰ ਵਿਚ ਭਾਰਤੀ ਮੂਲ ਦੇ ਨਸ਼ਾ ਤਸਕਰ ਨੂੰ ਫਾਂਸੀ, ਇਕ ਕਿਲੋ ਭੰਗ ਦੀ ਤਸਕਰੀ ਦਾ ਪਾਇਆ ਗਿਆ ਦੋਸ਼ੀ



ਸਿੰਗਾਪੁਰ। ਸਿੰਗਾਪੁਰ ਵਿਚ ਇਕ ਭਾਰਤੀ ਮੂਲ ਦੇ ਨਸ਼ਾ ਤਸਕਰ ਨੂੰ ਫਾਂਸੀ ਦੇ ਦਿੱਤੀ ਗਈ ਹੈ। ਅਦਾਲਤ ਨੇ ਮੰਗਲਵਾਰ ਨੂੰ ਦੋਸ਼ੀ ਤਸਕਰ ਦੁਆਰਾ ਸਜ਼ਾ ਮੁਆਫੀ ਲਈ ਦਾਇਰ ਆਖਰੀ ਸਮੇਂ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। ਥੰਗਾਰਾਜੂ ਸੁਪਈਆ (46) ਨੂੰ ਹਾਈ ਕੋਰਟ ਦੇ ਜੱਜ ਨੇ ਅਕਤੂਬਰ 2018 ਵਿਚ ਡਰੱਗ ਤਸਕਰੀ ਦੀ ਸਾਜ਼ਿਸ਼ ਲਈ ਇਕ ਸਾਥੀ ਨੂੰ ਉਕਸਾਉਣ ਦਾ ਦੋਸ਼ੀ ਠਹਿਰਾਇਆ ਸੀ। ਇਹ ਇਕ ਕਿਲੋਗ੍ਰਾਮ ਭੰਗ ਦੀ ਸਪਲਾਈ ਨਾਲ ਸਬੰਧਤ ਸੀ, ਜੋ ਕਿ ਡਰੱਗਜ਼ ਐਕਟ ਦੀ ਦੁਰਵਰਤੋਂ ਦੇ ਤਹਿਤ ਅਪਰਾਧ ਹੈ। ਸੁਪਈਆ ਨੂੰ 2014 ਵਿਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਅਤੇ ਜਾਂਚ ਲਈ ਪੇਸ਼ ਨਾ ਹੋਣ ਦੇ ਦੋਸ਼ ਵਿਚ ਹਿਰਾਸਤ ਵਿਚ ਲਿਆ ਗਿਆ ਸੀ। ਚੈਨਲ ਨਿਊਜ਼ ਏਸ਼ੀਆ ਨੇ ਸਿੰਗਾਪੁਰ ਜੇਲ੍ਹ ਸੇਵਾ ਵੱਲੋਂ ਜਾਰੀ ਬਿਆਨ ਦੇ ਹਵਾਲੇ ਨਾਲ ਕਿਹਾ ਕਿ ਸੁਪਈਆ ਨੂੰ ਬੁੱਧਵਾਰ ਸਵੇਰੇ ਚਾਂਗੀ ਜੇਲ੍ਹ ਕੰਪਲੈਕਸ ਵਿਚ ਫਾਂਸੀ ਦਿੱਤੀ ਗਈ। ਸਿੰਗਾਪੁਰ ਦੀ ਇਕ ਅਦਾਲਤ ਨੇ ਮੰਗਲਵਾਰ ਨੂੰ ਸੁਪਈਆ ਦੀ ਕੇਸ 'ਤੇ ਮੁੜ ਵਿਚਾਰ ਕਰਨ ਅਤੇ ਸਜ਼ਾ 'ਤੇ ਰੋਕ ਲਗਾਉਣ ਦੀ ਬੇਨਤੀ ਨੂੰ ਰੱਦ ਕਰ ਦਿੱਤਾ। ਆਪਣੇ 15 ਪੰਨਿਆਂ ਦੇ ਹੁਕਮ ਵਿਚ, ਜਸਟਿਸ ਚੋਂਗ ਨੇ ਕਿਹਾ ਸੀ ਕਿ ਸੁਪਈਆ ਆਪਣੇ ਕੇਸ ਦੀ ਸਮੀਖਿਆ ਕਰਨ ਲਈ ਅਦਾਲਤ ਨੂੰ ਇਕ ਜਾਇਜ਼ ਆਧਾਰ ਪੇਸ਼ ਕਰਨ ਵਿਚ ਅਸਫਲ ਰਿਹਾ ਹੈ। ਬ੍ਰਿਟਿਸ਼ ਅਰਬਪਤੀ ਰਿਚਰਡ ਬ੍ਰੈਨਸਨ ਅਤੇ ਮਨੁੱਖੀ ਅਧਿਕਾਰਾਂ ਲਈ ਸੰਯੁਕਤ ਹਾਈ ਕਮਿਸ਼ਨਰ ਨੇ ਸਿੰਗਾਪੁਰ ਨੂੰ ਅਪੀਲ ਕੀਤੀ ਸੀ ਕਿ ਉਹ ਸੁਪਾਇਆ ਨੂੰ ਫਾਂਸੀ ਦੇਣ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਉਸ ਦੇ ਜੀਵਨ ਦੇ ਅਧਿਕਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ।

## ਫਾਜ਼ਲਿਕਾ 'ਚ ਬੀਐਸਐਫ ਦੇ ਜਵਾਨ ਨੇ ਕੀਤੀ ਖ਼ੁਦਕੁਸ਼ੀ

ਫਾਜ਼ਲਿਕਾ। ਫਾਜ਼ਲਿਕਾ ਦੇ ਪਿੰਡ ਅਮਰਪੁਰਾ ਵਿੱਚ ਬੀਐਸਐਫ ਜਵਾਨ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਤਨੀ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਸੀ। ਝਗੜੇ ਕਾਰਨ ਦੋਵਾਂ ਦੇ ਖਰਚੇ ਲਈ ਅਦਾਲਤ ਵਿਚ ਕੇਸ ਚੱਲ ਰਿਹਾ ਸੀ।



ਮ੍ਰਿਤਕ ਜਵਾਨ ਦੇ ਪਿਤਾ ਦੀ ਸ਼ਿਕਾਇਤ 'ਤੇ ਥਾਣਾ ਸਦਰ ਫਾਜ਼ਲਿਕਾ ਦੀ ਪੁਲਿਸ ਨੇ ਪਤਨੀ ਖਿਲਾਫ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਕਸ਼ਮੀਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਪਿੰਡ ਅਮਰਪੁਰਾ ਨੇ ਦੱਸਿਆ ਕਿ ਉਸ ਦਾ ਲੜਕਾ ਸੁਖਚੈਨ ਸਿੰਘ ਬੀਐਸਐਫ ਵਿੱਚ ਨੌਕਰੀ ਕਰਦਾ ਸੀ। ਉਸ ਦਾ ਵਿਆਹ ਕਰੀਬ ਦੋ ਸਾਲ ਪਹਿਲਾਂ ਪਿੰਡ ਕਾਸ਼ੀਰਾਮ ਦੀ ਰਹਿਣ ਵਾਲੀ ਉਜਾਲਾ ਰਾਣੀ ਨਾਲ ਹੋਇਆ ਸੀ। ਇਨ੍ਹਾਂ ਦੀ ਆਪਸੀ ਰੰਜਿਸ਼ ਕਾਰਨ ਅਦਾਲਤ ਵਿੱਚ ਖਰਚੇ ਦਾ ਕੇਸ ਚੱਲ ਰਿਹਾ ਸੀ। ਕਸ਼ਮੀਰ ਸਿੰਘ ਨੇ ਦੋਸ਼ ਲਾਇਆ ਕਿ ਸੁਖਚੈਨ ਸਿੰਘ ਆਪਣੀ ਨੂੰਹ ਕਾਰਨ ਬਹੁਤ ਪ੍ਰੇਸ਼ਾਨ ਰਹਿੰਦਾ ਸੀ। ਉਜਾਲਾ ਰਾਣੀ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਸੀ। ਜਿਸ ਕਾਰਨ ਸੁਖਚੈਨ ਸਿੰਘ ਨੇ 25 ਅਪ੍ਰੈਲ ਨੂੰ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲੀਸ ਨੇ ਕਸ਼ਮੀਰ ਸਿੰਘ ਦੇ ਬਿਆਨਾਂ 'ਤੇ ਉਜਾਲਾ ਰਾਣੀ ਖ਼ਿਲਾਫ਼ ਧਾਰਾ 306 ਤਹਿਤ ਕੇਸ ਦਰਜ ਕਰ ਲਿਆ ਹੈ।

## ਮਾਪਿਆਂ ਦੇ ਵਿਆਹ ਦੀ ਵਰ੍ਹੇਗੰਢ ਵਾਲੇ ਦਿਨ ਪੁੱਤ ਨੇ ਲਿਆ ਫਾਹਾ, ਮੌਤ

ਭੋਪਾਲ। ਮੱਧ ਪ੍ਰਦੇਸ਼ ਦੇ ਭੋਪਾਲ ਦੇ ਕੋਲਾਰ ਇਲਾਕੇ 'ਚ ਮੈਡੀਕਲ ਵਿਦਿਆਰਥੀ ਨੇ ਖੁਦਕੁਸ਼ੀ ਕਰ ਲਈ। ਮੰਗਲਵਾਰ ਨੂੰ ਉਸ ਦੀ ਲਾਸ਼ ਐਲਐਨ ਆਯੁਰਵੈਦਿਕ ਕਾਲਜ ਦੇ ਹੋਸਟਲ ਵਿੱਚ ਲਟਕਦੀ ਮਿਲੀ। ਉਹ ਮੂਲ ਰੂਪ ਵਿੱਚ ਜਬਲਪੁਰ ਦਾ ਰਹਿਣ ਵਾਲਾ ਸੀ। ਮੌਕੇ ਤੋਂ ਇੱਕ ਸੁਸਾਈਡ ਨੋਟ ਵੀ ਮਿਲਿਆ ਹੈ। ਇਸ ਵਿਚ ਉਸ ਨੇ ਤਣਾਅ ਵਿਚ ਮਰਨ ਬਾਰੇ ਲਿਖਿਆ ਹੈ। ਖਾਸ ਗੱਲ ਇਹ ਹੈ ਕਿ ਅੱਜ ਉਨ੍ਹਾਂ ਦੇ ਮਾਤਾ-ਪਿਤਾ ਦੀ ਵਿਆਹ ਦੀ ਵਰ੍ਹੇਗੰਢ ਵੀ ਸੀ। ਜਾਣਕਾਰੀ ਦਿੰਦਿਆਂ ਟੀਆਈ ਜੈ ਸਿੰਘ ਨੇ ਦੱਸਿਆ ਕਿ ਅੰਮ੍ਰਿਤ ਪਟੇਲ (20) ਪੁੱਤਰ ਪ੍ਰਵਿੰਦਰ ਪਟੇਲ, ਜੋ ਕਿ ਜਬਲਪੁਰ ਦਾ ਰਹਿਣ ਵਾਲਾ ਸੀ, ਐਲਐਨਸੀਟੀ ਗਰੁੱਪ, ਭੋਪਾਲ ਦੇ ਐਲਐਨ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵਿੱਚ ਪੜ੍ਹਦਾ ਸੀ। ਇੱਥੇ ਉਹ ਬੀਏਐਮਐਸ ਪਹਿਲੇ ਸਾਲ ਦਾ ਵਿਦਿਆਰਥੀ



ਸੀ। ਉਸ ਨੇ ਪਿਛਲੇ ਮਹੀਨੇ ਹੀ ਕਾਲਜ ਵਿੱਚ ਦਾਖ਼ਲਾ ਲਿਆ ਸੀ ਅਤੇ ਕਾਲਜ ਦੇ ਹੋਸਟਲ ਵਿੱਚ ਰਹਿ ਰਿਹਾ ਸੀ। ਅੰਮ੍ਰਿਤ ਸੋਮਵਾਰ ਰਾਤ ਨੂੰ ਹੀ ਜਬਲਪੁਰ ਸਥਿਤ ਆਪਣੇ ਘਰ ਤੋਂ ਭੋਪਾਲ ਆਇਆ ਸੀ। ਮੰਗਲਵਾਰ ਸਵੇਰੇ ਉਹ ਰੋਜ਼ਾਨਾ ਵਾਂਗ ਕਾਲਜ ਗਿਆ। ਇਸ ਤੋਂ ਬਾਅਦ ਉਸ ਨੇ ਸਵੇਰੇ ਕਰੀਬ 11:30 ਵਜੇ ਹੋਸਟਲ ਦੇ ਕਮਰਾ ਨੰਬਰ ਐਫ-9 'ਚ ਫਾਹਾ ਲੈ ਲਿਆ। ਘਟਨਾ ਦਾ ਪਤਾ ਦੁਪਹਿਰ 1:30 ਵਜੇ ਉਸ ਸਮੇਂ ਲੱਗਾ ਜਦੋਂ ਉਸ ਦਾ ਜਮਾਤੀ ਕਮਰੇ ਵਿਚ ਪਹੁੰਚਿਆ। ਪ੍ਰਬੰਧਕਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੂੰ ਮਿਲੇ ਸੁਸਾਈਡ ਨੋਟ 'ਚ ਵਿਦਿਆਰਥੀ ਨੇ ਤਣਾਅ ਕਾਰਨ ਖੁਦਕੁਸ਼ੀ ਕਰਨ ਬਾਰੇ ਲਿਖਿਆ ਹੈ। ਪੁਲਿਸ ਨੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰਨ ਤੋਂ ਬਾਅਦ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ। ਮੰਗਲਵਾਰ ਨੂੰ ਅੰਮ੍ਰਿਤ ਦੇ ਮਾਤਾ-ਪਿਤਾ ਦੀ ਵਿਆਹ ਦੀ ਵਰ੍ਹੇਗੰਢ ਸੀ। ਇਸ ਮੌਕੇ ਉਸ ਨੇ ਆਪਣੇ ਮੋਬਾਈਲ 'ਚ ਆਪਣੇ ਵਟਸਐਪ ਸਟੇਟਸ 'ਤੇ ਮਾਪਿਆਂ ਦੀ ਫੋਟੋ ਲਗਾਈ ਹੋਈ ਸੀ। ਨਾਲ ਹੀ ਕੈਪਸ਼ਨ 'ਚ 'ਹੈਪੀ ਮੈਰਿਜ ਐਨੀਵਰਸਰੀ ਮੰਮੀ-ਪਾਪਾ' ਲਿਖਿਆ ਸੀ।

# ਬਾਪੂ ਬਚਨ ਸਿੰਘ ਬੂਲਪੁਰ ਦੇ ਦਿਹਾਂਤ ਉੱਪਰ ਵੱਖ ਵੱਖ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ

## ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 1ਨੂੰ



ਕਪੂਰਥਲਾ ( ਕੌੜਾ) ਗੋਰਮਿੰਟ ਟੀਚਰ ਯੂਨੀਅਨ ਦੇ ਬਲਾਕ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਸੁਖਦੇਵ ਸਿੰਘ , ਪਰਮਜੀਤ ਸਿੰਘ ਅਤੇ ਬਲਵੀਰ ਸਿੰਘ ਦੇ ਪਿਤਾ ਬਾਪੂ ਬਚਨ ਸਿੰਘ ਥਿੰਦ ਜਿਨ੍ਹਾਂ ਦਾ ਬੀਤੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦੇਹਾਂਤ ਉੱਪਰ ਵੱਖ ਵੱਖ ਅਧਿਆਪਕ ਅਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਪਰਿਵਾਰ ਨਾਲ਼ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪਰਿਵਾਰਕ ਸੂਤਰਾਂ ਅਨੁਸਾਰ ਬਾਪੂ ਬਚਨ ਸਿੰਘ ਥਿੰਦ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 1 ਮਈ ਨੂੰ ਗੁਰਦੁਆਰਾ ਸਾਹਿਬ ਬੂਲਪੁਰ ਵਿਖੇ 12 ਤੋਂ ਦੁਪਹਿਰ 1 ਵਜੇ ਤੱਕ ਕਰਵਾਏ ਜਾ ਰਹੇ ਹਨ। ਬਾਪੂ ਬਚਨ ਸਿੰਘ ਦੇ ਦਿਹਾਂਤ ਉੱਪਰ ਜਿਲ੍ਹਾ ਸਿੱਖਿਆ ਅਫ਼ਸਰ ਜਗਵਿੰਦਰ ਸਿੰਘ, ਬਲਾਕ ਸਿੱਖਿਆ ਅਫ਼ਸਰ ਭੁਪਿੰਦਰ ਸਿੰਘ ਜੋਸਨ,ਗੋਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਪ੍ਰਿੰਸੀਪਲ ਲਖਵੀਰ ਸਿੰਘ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਨ,ਡੀ.ਟੀ.ਐਫ ਦੇ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ, ਸੁਖਦਿਆਲ ਸਿੰਘ ਝੰਡ ਸੂਬਾਈ ਆਗੂ ਅਧਿਆਪਕ ਦਲ, , ਮੇਜ਼ਰ ਸਿੰਘ ਖੱਸਣ ਪ੍ਰਧਾਨ ਅਧਿਆਪਕ ਦਲ,ਜੈਮਲ ਸਿੰਘ,ਰਵੀ ਵਾਹੀ ਐਲੀਮੈਂਟਰੀ ਟੀਚਰਜ਼ ਯੂਨੀਅਨ, ਰਸ਼ਪਾਲ ਸਿੰਘ ਈ.ਟੀ.ਟੀ,ਬਲਜੀਤ ਸਿੰਘ ਟਿੱਬਾ, ਮਾਸਟਰ ਕੇਡਰ ਯੂਨੀਅਨ ਦੇ ਪ੍ਰਧਾਨ ਨਰੇਸ਼ ਕੋਹਲੀ, ਪ੍ਰਦੀਪ ਘੁੰਮਣ,ਕੰਵਰਦੀਪ ਸਿੰਘ,ਜੈਮਲ ਸਿੰਘ ,ਪਵਨ ਜੋਸ਼ੀ, ਰਜੇਸ਼ ਮੈਂਗੀ, ਜੋਗਿੰਦਰ ਸਿੰਘ ਅਮਾਨੀਪੁਰ , ਰਜਿੰਦਰ ਸਿੰਘ, ਰਾਜੂ ਜੈਨਪੁਰੀ, ਕਮਲਜੀਤ ਸਿੰਘ, ਜਗਜੀਤ ਸਿੰਘ ਬੂਲਪੁਰ, ਜਗਮੋਹਨ ਸਿੰਘ, ਅਜੈ ਗੁਪਤਾ, ਰਾਜ ਕੁਮਾਰ , ਕੁਲਦੀਪ ਠਾਕੁਰ, ਸੁਖਦੀਪ ਸਿੰਘ , ਸੁਖਨਿੰਦਰ ਸਿੰਘ, ਸੰਤੋਖ ਮੱਲ੍ਹੀ, ਗੁਰਦੀਪ ਸਿੰਘ ਧੰਮੂ , ਬਰਿੰਦਰ ਜੈਨ, ਇੰਦਰਜੀਤ ਸਿੰਘ ਬਿਧੀਪੁਰ, ਗੁਰਮੇਜ ਸਿੰਘ, ਅਵਤਾਰ ਸਿੰਘ, ਲਖਵਿੰਦਰ ਸਿੰਘ ਟਿੱਬਾ, ਜਸਵਿੰਦਰ ਸਿੰਘ ਸ਼ਕਿਾਰਪੁਰ, ਸੁਖਵਿੰਦਰ ਸਿੰਘ ਕਾਲੇਵਾਲ, ਬਲਵਿੰਦਰ ਸਿੰਘ ਸੀ ਐੱਚ ਟੀ, ਕੁਲਦੀਪ ਸਿੰਘ ,ਸਰਬਜੀਤ ਸਿੰਘ ਆੜਤੀਆ, ਸੁਖਨਿੰਦਰ ਸਿੰਘ ਪ੍ਰਧਾਨ ਲਾਈਨਜ ਕਲੱਬ, ਸਯੁੰਕਤ ਕਿਸਾਨ ਮੋਰਚੇ ਦੇ ਆਗੂ ਮਾਸਟਰ ਚਰਨ ਸਿੰਘ ਹੈਬਤਪੁਰ, ਮਾਸਟਰ ਸੁੱਚਾ ਸਿੰਘ ਮਿਰਜ਼ਾਪੁਰ, ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰਸੀਪਲ ਕਰਨੈਲ ਸਿੰਘ, ਮਾਸਟਰ ਦੇਸ ਰਾਜ,ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਫਕੀਰ ਸ਼ਾਇਰ ਅਲਮਸਤ ਦੇਸਰਪਰੀ ਜੀ ਪਹਿਲੀ ਬਰਸੀ 29 ਅਪ੍ਰੈਲ 2023 ਦਿਨ ਸ਼ਨੀਵਾਰ ਓਹਨਾ ਦੇ ਆਪਣੇ ਮੌਜੂਦਾ ਪਿੰਡ ਦੇਸਰਪੁਰ



ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਅਲਮਸਤ ਦੇਸਰਪੁਰੀ ਸਾਬ ਇਕ ਫਕੀਰ ਸ਼ਾਇਰ ਹੋਏ ਆ। ਜਿਹਨਾ ਦੇ ਇੱਕ ਨਹੀਂ ਅਨੇਕਾਂ ਗੀਤ ਕਲਾਕਾਰਾਂ ਨੇ ਗਾਏ ਤੇ ਸਾਰੇ ਗੀਤ ਸੁਪਰਹਿਟ ਤੇ ਪਰਮਾਤਮਾ ਨਾਲ ਰੂਹ ਦਾ ਮੇਲ ਕਰਵਾਉਂਦੇ ਆ। ਇਸਦੀ ਜਾਣਕਾਰੀ ਦਿੱਤੀ ਅਲਮਸਤ ਦੇਸਰਪੁਰੀ ਸਾਬ ਦੇ ਵੱਡੇ ਪੁੱਤਰ ਸਾਗਰ ਦੇਸਰਪੁਰੀ ਅਤੇ ਛੋਟਾ ਪੁੱਤਰ ਸੋਨੂੰ ਦੇਸਰਪੁਰੀ ਨੇ। ਓਹਨਾ ਦੇ ਦੋਨੋਂ ਪੁੱਤਰਾਂ ਨੇ ਦਸਿਆ ਕਿ ਸਾਡੇ ਪਿਤਾ ਜੀ ਅਲਮਸਤ ਦੇਸਰਪੁਰੀ ਜੀ ਗੀਤ ਲਿਖਣ ਦੇ ਨਾਲ ਨਾਲ ਓਹ ਦਰਬਾਰ ਬਾਬਾ ਰੋਡੇ ਸ਼ਾਹ ਪਿੰਡ ਜਲੋਵਾਲ ਓਥੋਂ ਦੇ ਫਕੀਰ ਬਾਬਾ ਮੁਰਾਦ ਸ਼ਾਹ ਜੀ ਦੇ ਸੇਵਕ ਵੀ ਸੀ ਅਤੇ ਓਹਨਾ ਨਾਲ ਗੁਰੂ ਧਾਰਨਾ ਵੀ ਕੀਤੀ ਸੀ। ਇਸ ਲਈ ਸਾਡੇ ਪਿਤਾ ਜੀ ਦਾ ਫਕੀਰ ਮਹਾਂਪੁਰਸ਼ਾਂ ਦੇ ਨਾਲ ਵੀ ਬਹੁਤ ਨੇੜੇ ਤੋਂ ਰਿਸ਼ਤਾ ਰਿਹਾ ਆ। ਥੋੜਾ ਸਮਾਂ ਪਹਿਲਾ ਸਾਡੇ ਪਿਤਾ ਜੀ ਸਾਨੂੰ ਜਿਸਮਾਨੀ ਤੌਰ ਤੇ ਵਿਛੋੜਾ ਦੇ ਗਏ ਸੀ ਓਹਨਾ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਅਸੀਂ ਆਪਣੇ ਪਿੰਡ ਓਹਨਾ ਦੀ ਪਹਿਲੀ ਬਰਸੀ ਮਨਾ ਰਹੇ ਹਾਂ। ਜਿਹਦੇ ਵਿੱਚ ਅਲਗ ਅਲਗ ਧਾਰਮਿਕ ਦਰਬਾਰਾ ਤੋ ਅਲਗ ਅਲਗ ਫਕੀਰ ਪਹੁੰਚ ਰਹੇ ਹਨ। ਓਹਨਾ ਦੇ ਗੁਰੂ ਦਰਬਾਰ ਬਾਬਾ ਮੁਰਾਦ ਸ਼ਾਹ ਦੇ ਮੌਜੂਦਾ ਗੱਦੀ ਨਸ਼ੀਨ ਬਾਬਾ ਕੁਲਵਿੰਦਰ ਸ਼ਾਹ ਜੀ, ਮਧੂ ਸਾਈਂ ਜਲੰਧਰ ਵਾਲੇ, ਗਗਨ ਮਾਤਾ ਜੀ ਦਿੱਲੀ ਵਾਲੇ, ਸੋਢੀ ਬਾਬਾ ਜੀ ਕਪੂਰਥਲੇ ਵਾਲੇ, ਇੰਦਰ ਲੋਕ ਨਾਥ ਯੂ ਕੇ ਤੋਂ, ਜੋਗਿੰਦਰ ਪਾਲ ਜੀ ਯੂ ਕੇ ਤੋਂ, ਕਰਿਸ਼ਨ ਮਲਸਾਨੀ ਜੀ ਮਲਸੀਆਂ ਤੋ, ਬਾਬਾ ਰਾਣੇ ਸ਼ਾਹ ਜੀ ਲਾਲਾ ਵਾਲਾ ਦਰਬਾਰ ਕਪੂਰਥਲੇ ਤੋਂ, ਧੂਣੇ ਵਾਲੀ ਸਰਕਾਰ ਬਾਬਾ ਬਿੱਟੇ ਸ਼ਾਹ ਕਪੂਰਥਲੇ ਤੋ, ਦਰਬਾਰ ਇੱਛਾਧਾਰੀ ਸ਼ਿਵ ਮੰਦਿਰ ਪਿੰਡ ਅਠੋਲੇ ਤੋਂ ਬਾਬਾ ਜਸਪਾਲ ਕੌਰ ਜੀ, ਬਾਬਾ ਸੱਤੇ ਸ਼ਾਹ ਜੀ ਪਿੰਡ ਅਠੋਲੇ ਤੋਂ, ਉਸਤਾਦ ਜਨਾਬ ਗੁਲਸ਼ਨ ਮੀਰ ਜੀ ਬਸਤੀ ਦਨਾਸ਼ਮੰਦਾ , ਮਹਾਨ ਪੁਰਾਣੇ ਗਾਇਕ ਦੇਵ ਬਾਲੋਕੀ, ਜਗਤਾਰ ਸਿੰਘ ਪਰਵਾਨਾ ਮੰਚ ਦੇ ਗੱਦੀ ਨਸ਼ੀਨ ਬਾਬਾ ਕਾਲੇ ਸ਼ਾਹ ਪਿੰਡ ਅਠੋਲੇ ਤੋਂ। ਪ੍ਰਧਾਨ ਫਤਹਿ ਸਿੰਘ ਸੋਹਲ ਯੂ ਕੇ ਤੋਂ, ਗੀਤਕਾਰ ਮਨਜੀਤ ਸਿੰਘ ਸੋਹਲ (ਸਰਪੰਚ ਪਿੰਡ ਅਠੋਲੇ )ਤੋਂ, ਗੀਤਕਾਰ ਅਤੇ ਗਾਇਕ ਤਰਸੇਮ ਜਲੰਧਰੀ ਜੀ ( ਪੰਜਾਬ ਚੇਅਰਮੈਨ), ਗੀਤਕਾਰ ਮਦਨ ਜਲੰਧਰੀ ਜੀ, ਗੀਤਕਾਰ ਸੂਰਜ ਹੁਸੈਨਪੁਰੀ। ਪਹੁੰਚ ਰਹੇ ਪੰਜਾਬੀ ਗਾਇਕ ਉਸਤਾਦ ਜਨਾਬ ਹਰਭਜਨ ਚੌਹਾਨ ਜੀ, ਸੂਫੀ ਗਾਇਕ ਪੇਜੀ ਸ਼ਾਹਕੋਟੀ, ਫੋਕ ਗਾਇਕ ਮਨਜੀਤ ਪੱਪੂ, ਸੂਫੀ ਗਾਇਕ ਦੀਪਕ ਹੰਸ, ਮੇਲਿਆ ਦਾ ਬਾਦਸ਼ਾਹ ਦਲਵਿੰਦਰ ਦਿਆਲਪੁਰੀ, ਸੁਰੀਲਾ ਗਾਇਕ ਸਾਹਿਲ ਚੌਹਾਨ, ਇੰਟਰਨੈਸ਼ਨਲ ਗਾਇਕ ਸੁੱਖਵਿੰਦਰ ਪੰਛੀ, ਗਾਇਕ ਜੋੜੀ ਅਮਰੀਕ ਮਾਇਕਲ ਅਤੇ ਮਮਤਾ ਮਹਿਰਾ, ਮਾਸਟਰ ਸਲੀਮ ਜੀ ਦਾ ਪੁੱਤਰ ਸ਼ਾਹਦਿਲ ਸਲੀਮ, ਯੂ ਕੇ ਤੋਂ ਜਤਿਦਰ ਭੰਡਾਰੀ ਪ੍ਰਮੋਟਰ, ਪਰਮਜੀਤ ਸਨੀ ਪ੍ਰਮੋਟਰ, ਸੂਫੀ ਗਾਇਕ ਬਲਵਿੰਦਰ ਮਤੇਵਾੜੀਆ, ਵੋਇਸ ਆਫ ਪੰਜਾਬ 8 ਜੇਤੂ ਨੇਹਾ ਸ਼ਰਮਾ, ਗਾਇਕ ਜੋੜੀ ਮਨੋਹਰ ਧਾਰੀਵਾਲ ਅਤੇ ਰਿਹਾਨਾ ਭੱਟੀ, ਸੂਫੀ ਗਾਇਕਾ ਜੋਤ ਸ਼ਰਮਾ ਵਾਲੀਆ, ਜਰਨੈਲ ਸਿੰਘ ਟੋਨੀ, ਜਸਵਿੰਦਰ ਗੁਲਾਮ, ਪੰਜਾਬੀ ਗਾਇਕ ਕਰਨਜੀਤ, ਗਾਇਕ ਤੇ ਗੀਤਕਾਰ ਵਰਿੰਦਰ ਦੁੱਗਲ, ਸੂਫੀ ਗਾਇਕ ਮਨੀ ਕੋਟਲੀ, ਸੂਫੀ ਗਾਇਕ ਜਗਦੀਸ਼ ਖੋਸਲਾ। ਮੇਲੇ ਵਿੱਚ ਸਟੇਜ ਸਕੱਤਰ ਦੀ ਜ਼ੁੰਮੇਵਾਰੀ ਨਿਭਾਉਣਗੇ ਪੰਜਾਬ ਕੈਸ਼ੀਅਰ ਵਿਨੋਦ ਪੱਪੀ ਅਤੇ ਰਾਜੂ ਫਤਹਿਪੁਰੀਆ। ਸਹਿਯੋਗ ਪਿੰਡ ਦੇਸਰਪੁਰ ਦੀ ਨਗਰ ਪੰਚਾਇਤ ਅਤੇ ਸਰਪੰਚ ਪਰਮਜੀਤ ਪੰਮਾ ਦੇਸਰਪੁਰ ਅਤੇ ਹੋਰ ਪਹੁੰਚ ਰਹੇ ਮਹਿਮਾਨ। ਅਲਮਸਤ ਦੇਸਰਪੁਰੀ ਜੀ ਦੇ ਦੋਨੋਂ ਪੁੱਤਰਾਂ ਨੇ ਸਾਰਿਆ ਨੂੰ ਹੱਥ ਜੋੜ ਕੇ ਮੇਲੇ ਵਿਚ ਵੱਧ ਚੜ ਕੇ ਪਹੁੰਚਣ ਦੀ ਕੀਤੀ ਬੇਨਤੀ ਅਤੇ ਪਹੁੰਚੇ ਹੋਏ ਪੱਤਰਕਾਰਾਂ ਦਾ ਕੀਤਾ ਧੰਨਵਾਦ।

# ਮਨਰੇਗਾ ਮਜ਼ਦੂਰਾਂ ਲਈ 'ਘੱਟੋ-ਘੱਟ ਉੱਜਰਤ ਕਾਨੂੰਨ', ਮੇਟਾਂ ਲਈ ਸੈਮੀ ਸਕਿਲਡ ਵੇਜ਼ ਅਨੁਸਾਰ ਉੱਜਰਤ ਅਤੇ 365 ਦਿਨ ਰੋਜ਼ਗਾਰ ਦਿੱਤਾ ਜਾਵੇ : ਬਲਦੇਵ ਭਾਰਤੀ



ਅੱਪਰਾ/ਨਵਾਂਸ਼ਹਿਰ (ਜੱਸੀ ) ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ.ਐਲ.ਓ.) ਦੇ ਕਨਵੀਨਰ ਬਲਦੇਵ ਭਾਰਤੀ ਨੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 'ਘੱਟੋ-ਘੱਟ ਉਜਰਤ ਕਾਨੂੰਨ' ਅਨੁਸਾਰ ਵਧਾਏ ਜਾਣ ਦੀ ਚਰਚਾ ਕਰਦਿਆਂ ਦੱਸਿਆ ਕਿ ਪੰਜਾਬ ਭਰ ਵਿੱਚ ਕਰੀਬ 18 ਲੱਖ ਕਾਰਜਸ਼ੀਲ ਮਨਰੇਗਾ ਮਜ਼ਦੂਰ ਹਨ। ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗ੍ਰੰਟੀ ਕਾਨੂੰਨ-2005 ਅਨੁਸਾਰ ਮਨਰੇਗਾ ਮਜ਼ਦੂਰ' ਘੱਟੋ-ਘੱਟ ਉੱਜਰਤ ਕਾਨੂੰਨ-1948' ਅਧੀਨ ਸਮੱਰਥ ਅਥਾਰਟੀ ਵਲੋਂ ਤੈਅ ਕੀਤੀ ਗਈ ਦਿਹਾੜੀ ਲੈਣ ਦੇ ਕਾਨੂੰਨੀ ਤੌਰ ਤੇ ਹੱਕਦਾਰ ਹਨ । ਪੰਜਾਬ ਸਰਕਾਰ ਦੀ ਮਜ਼ਦੂਰੀ ਤੈਅ ਕਰਨ ਦੀ ਸਮੱਰਥ ਅਥਾਰਟੀ ਕਿਰਤ ਵਿਭਾਗ ਦੀ ਅੰਕੜਾ ਸ਼ਾਖਾ ਵਲੋਂ ਮਿਤੀ 01/03/2023 ਤੋਂ ਅਣ-ਸਿੱਖਿਅਤ ਕਾਮਿਆਂ ਦੀ ਦਿਹਾੜੀ 398/-ਰੁ: 22 ਪੈਸੇ ਤੈਅ ਕੀਤੀ ਗਈ ਹੈ। ਪਰ ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਨੂੰ ਅੱਜ-ਕੱਲ ਸਿਰਫ ਕੇਂਦਰ ਸਰਕਾਰ ਵਲੋਂ ਤੈਅ ਕੀਤੀ 303/- ਰੁ: ਦਿਹਾੜੀ ਹੀ ਮਿਲ ਰਹੀ ਹੈ ਅਤੇ ਹਰੇਕ ਮਜ਼ਦੂਰ ਦਾ ਪ੍ਰਤੀ ਦਿਹਾੜੀ 95/-ਰੁ. 22 ਪੈਸੇ ਨੁਕਸਾਨ ਹੋ ਰਿਹਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਘੱਟੋ-ਘੱਟ ਉਜਰਤ ਕਾਨੂੰਨ-1948 ਅਨੁਸਾਰ ਬਣਦੀ ਦਿਹਾੜੀ ਦੇਣ ਲਈ ਇਸ ਵਿੱਚ ਆਪਣਾ ਬਣਦਾ ਹਿੱਸਾ ਨਹੀਂ ਪਾ ਰਹੀ। ਮਹਿੰਗਾਈ ਦੇ ਦੌਰ ਵਿੱਚ ਗਰੀਬ ਸਾਧਨਹੀਣ ਮਜ਼ਦੂਰਾਂ ਦਾ ਬਹੁਤ ਬੁਰੇ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਪੁਰਜੋਰ ਮੰਗ ਕੀਤੀ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 'ਘੱਟੋ-ਘੱਟ ਉੱਜਰਤ ਕਾਨੂੰਨ -1948' ਤਹਿਤ ਕਿਰਤ ਵਿਭਾਗ ਵਲੋਂ ਤੈਅ ਕੀਤੀ ਦਿਹਾੜੀ ਦੇ ਬਰਾਬਰ ਕੀਤੀ ਜਾਵੇ । ਮੇਟਾਂ ਦੇ ਸੈਮੀ ਸਕਿਲਡ ਵੇਜ਼ ਸਬੰਧੀ ਗੱਲਬਾਤ ਕਰਦਿਆਂ ਐੱਨ.ਐੱਲ.ਓ. ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ ਕਿ ਪੰਜਾਬ ਵਿੱਚ ਕਿਰਤ ਵਿਭਾਗ ਵਲੋਂ ਮਿਤੀ 01 ਮਾਰਚ 2023 ਤੋਂ ਅਰਧ ਸਿੱਖਿਅਤ (ਸੈਮੀ ਸਕਿਲਡ) ਕਾਮਿਆਂ ਲਈ ਰੋਜ਼ਾਨਾ ਦਿਹਾੜੀ 428/- ਰੁ 22 ਪੈਸੇ ਤੈਅ ਕੀਤੀ ਗਈ ਹੈ। ਪਰ ਮਨਰੇਗਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਭਰਤੀ ਕੀਤੇ ਮੇਟ ਜੋ ਕਿ ਸ਼੍ਰੇਣੀ ਵਿੱਚ ਆਉਂਦੇ ਹਨ ਨੂੰ ਇਸ ਦੇ ਬਰਾਬਰ ਦਿਹਾੜੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮੇਟਾਂ ਨੂੰ ਸੈਮੀ ਸਕਿਲਡ ਵੇਜ਼ ਮਿਲਣਾ ਯਕੀਨੀ ਬਣਾਇਆ ਜਾਵੇ।

**ਮਨਰੇਗਾ ਮਜ਼ਦੂਰਾਂ ਨੂੰ ਵਿੱਤੀ ਸਾਲ** ਦੌਰਾਨ 365 ਦਿਨ ਰੋਜ਼ਗਾਰ ਮਿਲਣ ਸਬੰਧੀ ਗੱਲਬਾਤ ਕਰਦਿਆਂ ਬਲਦੇਵ ਭਾਰਤੀ ਨੇ ਕਿਹਾ ਕਿ ਗਰੀਬੀ ਦੀ ਚੱਕੀ ਵਿੱਚ ਪਿਸ ਰਹੇ ਸਾਧਨਾਂ ਤੋਂ ਵਾਂਝੇ ਮਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਉਹਨਾਂ ਨੂੰ ਵਿੱਤੀ ਸਾਲ ਦੌਰਾਨ ਰੋਜ਼ਗਾਰ ਦੇ 100 ਦਿਨਾਂ ਤੋਂ ਵਧਾ ਕੇ ਸਾਰਾ ਸਾਲ ਭਾਵ ਕਿ 365 ਦਿਨ ਰੋਜ਼ਗਾਰ ਦਿੱਤਾ ਜਾਵੇ। ਇਸ ਰੋਜ਼ਗਾਰ ਦੌਰਾਨ ਮਜ਼ਦੂਰਾਂ ਦੀ ਸਹੂਲਤ ਲਈ ਬਿਮਾਰੀ, ਦੁਰਘਟਨਾ, ਤਿਉਹਾਰਾਂ ਅਤੇ ਕੌਮੀ ਦਿਵਸਾਂ ਦੇ ਮੌਕੇ ਤੇ ਤਨਖਾਹ ਸਹਿਤ ਛੁੱਟੀਆਂ ਤੋਂ ਇਲਾਵਾ ਈ.ਐੱਸ.ਆਈ. ਅਤੇ ਪੀ.ਐੱਫ. ਆਦਿ ਦਾ ਪ੍ਰਬੰਧ ਕੀਤਾ ਜਾਵੇ।

# ਕਾਂਗਰਸ ਦੀ ਚੰਨੀ ਸਰਕਾਰ ਸੀ ਚੰਗੀ ਸਰਕਾਰ, ਲੋਕ ਚੰਨੀ ਨੂੰ ਯਾਦ ਕਰਨ ਲੱਗੇ: ਗੁਰਕੀਰਤ ਸਿੰਘ ਕੋਟਲੀ







ਜਲੰਧਰ/ਅੱਪਰਾ (ਜੱਸੀ) ਪੰਜਾਬ ਅੰਦਰ ਝੂਠੀਆਂ ਗਾਰੰਟੀਆਂ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਗਈ ਹੈ, ਲੋਕ ਚੰਨੀ ਦੀ ਚੰਗੀ ਸਰਕਾਰ ਨੂੰ ਯਾਦ ਕਰਨ ਲੱਗੇ ਕਿਉਂਕਿ ਸ. ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੇ ਲੋਕਾਂ ਦੇ ਭਲੇ ਲਈ ਚੰਗੇ ਫੈਸਲੇ ਲਏ ਸਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਪਿੰਡ ਨਿਜ਼ਾਮੁਦੀਨ ਪੁਰ ਵਿਖੇ ਕਾਂਗਰਸੀ ਉਮੀਦਵਾਰ ਪ੍ਰੋ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਲੋਕ ਤੇ ਪੰਜਾਬ ਵਿਰੋਧੀ ਫ਼ੈਸਲੇ ਲਏ ਹਨ, ਲਾਅਰਿਆ ਤੇ ਵਾਅਦਿਆਂ ਨਾਲ ਲੋਕਾਂ ਨੂੰ ਗੁੰਮ-ਰਾਹ ਕਰਕੇ ਬਣੀ ਸਰਕਾਰ ਨੇ ਸਭ ਤੋਂ ਵੱਡਾ ਧੋਖਾ ਔਰਤਾਂ ਨਾਲ ਕੀਤਾ ਉਨ੍ਹਾਂ 1000 ਰੁਪਏ ਮਹੀਨਾ ਦੇਣ ਦਾ ਲਾਰਾ ਲਾ ਕੇ ਉਸ ਨੂੰ 13 ਮਹੀਨੇ ਬੀਤ ਉਪਰੰਤ ਪੂਰਾ ਨਹੀਂ ਕੀਤਾ। ਸ. ਕੋਟਲੀ ਨੇ ਅੱਗੇ ਬੋਲਦਿਆਂ ਕਿਹਾ ਕਿ ਲੋਕਾਂ ਨੂੰ ਆਪ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਕਾਂਗਰਸ ਕਿਸਾਨਾਂ, ਗਰੀਬਾਂ, ਮਜ਼ਦੂਰਾਂ ਤੇ ਛੋਟੇ ਵਪਾਰੀਆਂ ਦੀ ਹਿਤੈਸ਼ੀ ਪਾਰਟੀ ਹੈ ਜੋ ਪੰਜਾਬ ਦੇ ਭਲੇ ਲਈ ਸੰਘਰਸ਼ਸ਼ੀਲ ਹੈ। ਪੰਜਾਬ ਦੇ ਲੋਕਾਂ ਨੂੰ ਕੇਜਰੀਵਾਲ ਤੇ ਭਗਵੰਤ ਮਾਨ ਵਲੋਂ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਸੱਤਾ ਹਾਸਲ ਕੀਤੀ ਹੁਣ ਬਦਲਾਅ ਦੇ ਨਾਂ ਤੇ ਬਣੀ ਸਰਕਾਰ ਤੋਂ ਪੰਜਾਬ ਦੀ ਵਾਗਡੋਰ ਸੰਭਾਲੀ ਨਹੀਂ ਜਾ ਰਹੀ, ਪੰਜਾਬ ਅੰਦਰ ਲਾਅ ਐਂਡ ਆਰਡਰ ਦੀ ਤਰਸਯੋਗ ਹਾਲਤ ਤੋਂ ਪੰਜਾਬ ਦੇ ਲੋਕ ਦੁਖੀ ਹਨ ਸਿੱਧੂ ਮੂਸੇ ਵਾਲਾ ਦਾ ਕਤਲ ਆਪ ਸਰਕਾਰ ਦੇ ਮੱਥੇ ਤੇ ਕਲੰਕ ਹੈ ਉਨ੍ਹਾਂ ਆਦਮਪੁਰ ਦੇ ਲੋਕਾਂ ਨੂੰ ਕਾਂਗਰਸ ਦੇ ਉਮੀਦਵਾਰ ਪ੍ਰੋ ਕਰਮਜੀਤ ਕੌਰ ਚੌਧਰੀ ਨੂੰ ਜਿਤਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਕਾਲਾ ਬੱਕਰਾ, ਦਰਾਵਾਂ, ਲੇਸੜੀਵਾਲ, ਨੰਗਲ ਫੀਦਾ ਪਿੰਡਾਂ ਵਿੱਚ ਵੀ ਲੋਕਾਂ ਨਾਲ ਤਾਲਮੇਲ ਕਰਕੇ ਲਾਮਬੰਦੀ ਕੀਤੀ। ਇਸ ਮੌਕੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਮੱਲ੍ਹੀ, ਜਸਵੀਰ ਸਿੰਘ ਸੈਣੀ, ਮਲਕੀਤ ਸਿੰਘ ਲਾਲੀ, ਸੰਦੀਪ ਨਿੱਝਰ, ਜ਼ੋਰਾਵਰ ਸਿੰਘ ਸੰਘਵਾਲ, ਕਰਨੈਲ ਸਿੰਘ, ਚੌਧਰੀ ਪ੍ਰੀਤਮ ਸਿੰਘ ਆਦਿ ਹਾਜ਼ਰ ਸਨ।

## ਯੂਥ ਆਗੂ ਸੁਖਦੀਪ ਅੱਪਰਾ ਦੀ ਅਗਵਾਈ ਚ ਨੌਜਵਾਨ ਹੋਏ ਆਪ ਚ ਸ਼ਾਮਿਲ

ਫਿਲੌਰ/ਅੱਪਰਾ (ਜੱਸੀ) ਹਲਕਾ ਆਦਮਪੁਰ ਦੇ ਨੌਜਵਾਨ ਆਗੂ ਸੱਤਪਾਲ ਮੰਡੇਰਾ ਵਲੋਂ ਇਕ ਮੀਟਿੰਗ ਕਰਵਾਈ ਗਈ ਜਿਸ ਸੀਨੀਅਰ ਆਗੂ ਆਮ ਆਦਮੀ ਪਾਰਟੀ ਸੁਖਦੀਪ ਸਿੰਘ ਅੱਪਰਾ ਦੀ ਅਗਵਾਈ ਚ ਇਹਨਾਂ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ, ਇਸ ਮੌਕੇ ਅੱਪਰਾ ਨੇ ਕਿਹਾ ਕਿ ਜਿਸ ਤਰਾਂ ਕਹਾਵਤ ਹੈ ਕਿ ਨੌਜਵਾਨ ਦੇਸ਼ ਦਾ ਭਵਿੱਖ ਹਨ ਉਸੇ ਤਰਾਂ ਰਾਜਨੀਤੀ ਚ ਨੌਜਵਾਨਾਂ ਦੀ ਰੁਚੀ ਇਕ ਚੰਗਾ ਸੰਕੇਤ ਹੈ ਜੋ ਆਉਣ ਵਾਲੀ ਸਿਆਸਤ ਬਦਲਣ ਦੀ ਸਮਰੱਥਾ ਰੱਖਦਾ ਹੈ ਅੱਪਰਾ ਨੇ ਕਿਹਾ ਕਿ ਪਿੰਡ ਮੰਡੇਰਾ ਦੇ ਨੌਜਵਾਨ ਸਤਪਾਲ ਅਤੇ ਸਾਥੀਆਂ ਦਾ ਆਮ ਆਦਮੀ ਪਾਰਟੀ ਚ ਸਵਾਗਤ ਹੈ ਅਤੇ ਅਸੀਂ ਇਹਨਾਂ ਨੌਜਵਾਨਾਂ ਦੀ ਮਿਹਨਤ ਦਾ ਮੁੱਲ ਮੋੜਾਂਗੇ, ਓਹਨਾ ਕਿਹਾ ਕਿ ਸਰਦਾਰ ਭਗਵੰਤ ਸਿੰਘ ਮਾਨ ਤੇ ਪੰਜਾਬ ਵਾਸੀਆਂ ਨੂੰ ਯਕੀਨ ਹੈ ਜਿਸਦਾ ਨਤੀਜਾ ਆਉਣ ਵਾਲੀ ਜ਼ਿਮਣੀ ਚੋਣ ਦੇ ਨਤੀਜੇ ਆਪ ਦੇ ਹੱਕ ਆਉਣਗੇ, ਇਸ ਮੌਕੇ ਸੀਨੀਅਰ ਆਗੂ ਮਨੀਸ਼ ਸ਼ਰਮਾ, ਮਨਜੀਤ ਮੰਡੇਰਾ ਅਤੇ ਅਨੇਕਾਂ ਲੋਕਾਂ ਸ਼ਾਮਿਲ ਸਨ।





## ਡਾ: ਚਰਨਜੀਤ ਸਿੰਘ ਐੱਮ.ਐੱਲ.ਏ. ਸ਼੍ਰੀ ਚਮਕੌਰ ਸਾਹਿਬ ਦੁਆਰਾ ਕੁੜੀਆਂ ਦੇ ਪਹਿਲੇ ਕਬੱਡੀ ਕੱਪ ਪੋਸਟਰ ਰਿਲੀਜ਼



ਮੋਰਿੰਡਾ। ਕੌਰ ਵੈਲਫ਼ੇਅਰ ਫਾਊਂਡੇਸ਼ਨ (ਰਜਿ.) ਵੱਲੋਂ ਕਰਵਾਏ ਜਾ ਰਹੇ ਕੁੜੀਆਂ ਦੇ ਪਹਿਲੇ ਕਬੱਡੀ ਕੱਪ ਦਾ ਪੋਸਟਰ ਡਾ: ਚਰਨਜੀਤ ਸਿੰਘ ਐੱਮ.ਐੱਲ.ਏ. ਸ਼੍ਰੀ ਚਮਕੌਰ ਸਾਹਿਬ ਦੁਆਰਾ ਅੱਜ ਉਨ੍ਹਾਂ ਦੇ ਮੁੱਖ ਦਫ਼ਤਰ ਵਿਖੇ ਰਿਲੀਜ਼ ਕੀਤਾ ਗਿਆ। ਐੱਮ.ਐੱਲ.ਏ. ਸਾਹਿਬ ਨੇ ਸ਼ਲਾਘਾ ਕਰਦਿਆਂ ਫਾਉਂਡੇਸ਼ਨ ਦੇ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਖੇਡ ਸਮਾਗਮ ਬਾਰੇ ਫਾਊਂਡੇਸ਼ਨ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਸੁਰਤਾਪੁਰ ਵਿਖੇ 7 ਮਈ ਐਤਵਾਰ ਨੂੰ ਸਵੇਰੇ 09:00 ਤੋਂ 04:00 ਵਜੇ ਤੱਕ ਮੁਕਾਬਲੇ ਚੱਲਣਗੇ ਅਤੇ 04:00 ਤੋਂ ਦੇਰ ਸ਼ਾਮ ਲੋਕ ਗਾਇਕ ਰੋਮੀ ਘੜਾਮੇਂ ਵਾਲ਼ਾ, ਹਨੀ ਬੀ, ਜਿੰਦਰ ਢੱਕ, ਮਿਊਜਿਕ ਮਿਸਤਰੀ, ਸ਼ਰਨ ਭਿੰਡਰ ਤੇ ਸੁੱਖਾ ਧਾਲੀਵਾਲ ਦਾ ਖੁੱਲ੍ਹਾ ਅਖਾੜਾ ਲੱਗੇਗਾ। ਇਸ ਮੌਕੇ ਫਾਉਂਡੇਸ਼ਨ ਦੇ ਡਾਇਰੈਕਟਰ ਸੁਰਿੰਦਰ ਕੌਰ/ਡਾ: ਜਸਬੀਰ ਕੌਰ, ਮੁੱਖ ਸਲਾਹਕਾਰ ਜੈ ਦੇਵ ਸਿੰਘ , ਨਿੰਮਾ ਸੁਰਤਾਪੁਰ ਮੁੱਖ ਪ੍ਰਬੰਧਕ ਤੇ ਗਿੰਨੀ ਸੈਣੀ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਫ਼ਖਰ-ਏ-ਕੌਮ,ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ



ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਸ.ਪ੍ਰਕਾਸ਼ ਸਿੰਘ ਜੀ ਬਾਦਲ ਜੀ,ਦਾ ਦੇਹਾਂਤ ਪੰਜਾਬ ਅਤੇ ਪੰਜਾਬੀਅਤ ਲਈ ਨਾ ਪੂਰਾ ਹੋਣ ਵਾਲ਼ਾ ਘਾਟਾ ਹੈ।.ਇਸ ਮਹਾਂਪੁਰਸ਼ ਸਖਸ਼ੀਅਤ ਨੂੰ ਦੁਨੀਆਂ ਹਮੇਸ਼ਾ ਯਾਦ ਰੱਖੇਗੀ ਅਤੇ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ।ਸਵਰਗਵਾਸੀ ਜਥੇਦਾਰ ਕੁਲਦੀਪ ਸਿੰਘ ਵਡਾਲਾ ਜੀ ਦੇ ਨੇੜਲੇ ਅਤੇ ਪਿਆਰੇ ਸਾਥੀ ਸਨ।.ਆਪਣੇ ਪਰਿਵਾਰ ਵਾਸਤੇ ਕੀਤੀ ਹੋਈ ਕਮਾਈ ਤੇ ਉਹਨਾਂ ਦੀ ਜਿੰਦਗੀ ਦੀ ਘਾਲਣਾ ਸਾਰਿਆਂ ਵਾਸਤੇ ਚਾਨਣ ਮੁਨਾਰਾ ਹੈ।.ਉਹਨਾਂ ਦਾ ਵਿਛੋੜਾ ਬਹੁਤ ਵੱਡਾ ਖਲਾਅ ਛੱਡ ਕੇ ਗਿਆ ਹੈ ਜਿਸ ਨੂੰ ਭਰਨਾ ਬਹੁਤ ਮੁਸ਼ਕਿਲ ਹੋਵੇਗਾ।ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸੰਗਤਾਂ ਵਲੋਂ ਅਰਦਾਸਾਂ ਹਨ ਕਿ ਉਹਨਾਂ ਨੂੰ ਗੁਰੂ ਸਾਹਿਬ ਜੀ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਇਸ ਭਾਣੇ ਨੂੰ ਸਹਿਣ ਵਾਸਤੇ ਬੱਲ ਬੱਖਸ਼ਣ।

# ਵਿਸ਼ਵ ਰਤਨ ਬਾਵਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਪਿੰਡ ਢੇਸੀਆਂ ਕਾਹਨਾਂ ਵਿਖੇ 30 ਅਪ੍ਰੈਲ ਨੂੰ ਮਨਾਇਆ ਜਾਵੇਗਾ

## ਇਸ ਮੌਕੇ ਹੋਣਹਾਰ ਵਿਦਿਆਰਥੀਆਂ ਦਾ ਵਿਸ਼ੇਸ ਸਨਮਾਨ ਕੀਤਾ ਜਾਵੇਗਾ

ਫਿਲੌਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਵਿਸ਼ਵ ਰਤਨ ਬਾਵਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਪਿੰਡ ਢੇਸੀਆਂ ਕਾਹਨਾਂ ਵਿਖੇ 30 ਅਪ੍ਰੈਲ ਦਿਨ ਐਤਵਾਰ ਨੂੰ ਬਹੁਤ ਹੀ ਸਰਧਾਂ ਪੂਰਵਕ ਮਨਾਇਆ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਡਾ. ਬੀ ਆਰ ਅੰਬੇਡਕਰ ਮਿਸ਼ਨ ਸੁਸਾਇਟੀ ਪ੍ਰਧਾਨ ਹਰਜੀਤ ਬਿੱਲੂ ਵਾਇਸ ਪ੍ਰਧਾਨ ਬਲਜਿੰਦਰ ਰਾਜੂ, ਸੈਕਟਰੀ ਕੁਲਦੀਪ ਜੱਖੂ, ਧਰਮਪਾਲ ਸਰੋਆ, ਸਰਬਜੀਤ ਸੱਬੀ, ਰਾਜੇਸ਼ ਰੱਤੂ, ਨਿਰਮਲ ਪੱਪੂ, ਦਵਿੰਦਰ ਬਿੱਟੂ, ਸੰਨੀ ਕੁਮਾਰ, ਯੋਗਰਾਜ, ਹਰਦੀਪ ਦੀਪਾ ਆਦਿ (ਬਸਪਾ ਯੂਨਿਟ) ਢੇਸੀਆਂ ਕਾਹਨਾਂ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਪਿੰਡ ਢੇਸੀਆਂ ਕਾਹਨਾਂ (ਜਲੰਧਰ) ਵਿਖੇ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਬਹੁਤ ਹੀ ਸਰਧਾਂ ਪੂਰਵਕ ਮਨਾਇਆ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਸਵੇਰੇ 9ਵਜੇ ਬੁੱਧ ਬੰਦਨਾਂ ਕੀਤੀ ਜਾਵੇਗੀ ਦੁਪਹਿਰ 1:30 ਵਜੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ ਬਾਅਦ ਦੁਪਹਿਰ 3ਵਜੇ ਤੋਂ ਸ਼ਾਮ 6:30 ਵਜੇ ਤੱਕ ਚੇਤਨਾ ਮਾਰਚ ਕੱਢਿਆ ਜਾਵੇਗਾ ਅਤੇ ਰਾਤ 8ਵਜੇ ਅਜ਼ਾਦ ਰੰਗ ਮੰਚ (ਰਜਿ) ਕਲਾ ਭਵਨ ਫਗਵਾੜਾ ਬੀਬਾ ਕੁਲਵੰਤ (ਟੀਮ ਇੰਚਾਰਜ) ਆਰ ਕੇ ਬਾਂਸਲ ਅਤੇ ਉਨ੍ਹਾਂ ਦੀ ਟੀਮ ਵਲੋਂ ਮਿਸ਼ਨਰੀ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਮੁੱਖ ਮਹਿਮਾਨ ਸ. ਅਵਤਾਰ ਸਿੰਘ ਜੀ ਕਰੀਮਪੁਰੀ (ਸਾਬਕਾ ਰਾਜ ਸਭਾ ਮੈਂਬਰ) ਇੰਚਾਰਜ ਚੰਡੀਗੜ੍ਹ ਪੰਜਾਬ ਵਿਸ਼ੇਸ ਮਹਿਮਾਨ ਡਾ. ਸੁਖਵਿੰਦਰ ਕੁਮਾਰ ਸੁੱਖੀ ਉਮੀਦਵਾਰ ਸ੍ਰੋਮਣੀ ਅਕਾਲੀ ਦਲ - ਬਸਪਾ ਗੱਠਜੋੜ (ਲੋਕ ਸਭਾ ਹਲਕਾ ਜਲੰਧਰ) ਵਿਸ਼ੇਸ ਤੌਰ ਤੇ ਹਾਜ਼ਰ ਹੋਣਗੇ। ਸਵੇਰੇ 9:30 ਤੋਂ ਦੁਪਹਿਰ 1:30 ਤੱਕ ਗੈਰ ਰਾਜਨੀਤੀ ਪ੍ਰੋਗਰਾਮ ਹੋਵੇਗਾ। ਇਸ ਮੌਕੇ ਚਾਹ ਅਤੇ ਲੰਗਰ ਅਟੁੱਟ ਵਰਤਾਇਆ ਜਾਵੇਗਾ। ਸਾਰਿਆ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ 30 ਅਪ੍ਰੈਲ ਨੂੰ ਪਹੁੰਚ ਕੇ ਪ੍ਰੋਗਰਾਮ ਦੀ ਰੌਣਕ ਵਧਾਓ।




# ਫੌਜੀ ਰਾਜਪੁਰੀ ਅਤੇ ਰੋਮੀ ਘੜਾਮੇਂ ਵਾਲ਼ਾ ਜਲਦ ਪੇਸ਼ ਹੋਣਗੇ ਨਵੇਂ ਟਰੈਕ 'ਗੁਰੂ ਫਤਿਹ' ਨਾਲ਼



ਰੋਪੜ (ਰਮੇਸ਼ਵਰ ਸਿੰਘ): ਲੋਕ ਗਾਇਕ ਫੌਜੀ ਰਾਜਪੁਰੀ ਅਤੇ ਰੋਮੀ ਘੜਾਮੇਂ ਵਾਲਾ 'ਗੁਰੂ ਫਤਿਹ' ਗੀਤ ਨਾਲ਼ ਜਲਦ ਹਾਜ਼ਰੀ ਲਵਾਉਣਗੇ। ਜਿਸ ਬਾਰੇ ਫੌਜੀ ਸਾਹਬ ਨੇ ਦੱਸਿਆ ਕਿ ਰੋਮੀ ਦੇ ਲਿਖੇ ਇਸ ਗੀਤ ਵਿੱਚ ਗੁਰੂ ਫਤਿਹ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਫਲਸਫੇ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ਼ ਪੇਸ਼ ਕੀਤਾ ਗਿਆ ਹੈ। ਜਿਸ ਦੀ ਰਿਕਾਰਡਿੰਗ ਦਾ ਕੰਮ ਜਾਰੀ ਹੈ ਅਤੇ ਸ਼ੂਟਿੰਗ ਆਦਿ ਦੇ ਬਾਕੀ ਰਹਿੰਦੇ ਕੰਮ ਮੁਕੰਮਲ ਹੁੰਦਿਆਂ ਹੀ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ ਜਾਵੇਗਾ। ਇਸ ਮੌਕੇ ਮਿਊਜ਼ਿਕ ਡਾਇਰੈਕਟਰ ਮਿਊਜ਼ਿਕ ਮਿਸਤਰੀ, ਮਿਕਸ ਮਾਸਟਰ ਹਨੀ ਬੀ., ਸੰਗੀਤ ਵਿਦਿਆਰਥੀ ਅਰਸ਼, ਲੋਕ ਗਾਇਕ ਜਸਕਰਨ ਸਿੰਘ ਅਤੇ ਬਾਲ ਕਲਾਕਾਰ ਆਹੀਰ ਹਾਜ਼ਰ ਸਨ।

# ਲਿਖਾਰੀ ਸਭਾ ਬਰਨਾਲਾ (ਰਜਿ.) ਵੱਲੋਂ ਸਾਹਿਤਕ ਸਮਾਗਮ 1 ਮਈ ਨੂੰ

## ਸ਼ਾਇਰ ਜੋਗਾ ਸਿੰਘ ਯਾਦਗਾਰੀ ਪੁਰਸਕਾਰ ਅਦਾਕਾਰਾ ਮਨਜੀਤ ਔਲਖ ਨੂੰ ਦਿੱਤਾ ਜਾਵੇਗਾ

ਬਰਨਾਲਾ। ਲਿਖਾਰੀ ਸਭਾ ਬਰਨਾਲਾ ਵੱਲੋਂ ਇੱਕ ਮਈ ਨੂੰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪੁਸਤਕ ਲੋਕ ਅਰਪਣ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਸਭਾ ਦੇ ਜਨਰਲ ਸਕੱਤਰ ਸਾਗਰ ਸਿੰਘ ਸਾਗਰ ਅਤੇ ਕਨਵੀਨਰ ਮੇਜਰ ਸਿੰਘ ਸਹੌਰ ਨੇ ਇਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਸਥਾਨਕ ਗੋਬਿੰਦ ਬਾਂਸਲ ਧਰਮਸ਼ਾਲਾ ਵਿਖੇ ਸਵੇਰੇ ਠੀਕ 10 ਵਜੇ ਸ਼ੁਰੂ ਹੋਣ ਵਾਲੇ ਇਸ ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਲੇਖਕ ਸਭਾ (ਸ਼ੇਖੋਂ) ਕਰਨਗੇ। ਡਾ. ਸੁਖਦੇਵ ਸਿੰਘ ਸਿਰਸਾ ਮੁੱਖ ਮਹਿਮਾਨ ਅਤੇ ਸੰਧੂ ਵਰਿਆਣਵੀ ਵਿਸ਼ੇਸ਼ ਮਹਿਮਾਨ ਹੋਣਗੇ। ਸੈਮੀਨਾਰ ਦਾ ਕੁੰਜੀਵਤ ਭਾਸ਼ਨ ਡਾ. ਸੁਖਦੇਵ ਸਿੰਘ ਸਿਰਸਾ ਕਰਨਗੇ। ਬਾਹਰਲੇ ਵਿਦਵਾਨਾਂ ਤੋਂ ਇਲਾਵਾ ਸਥਾਨਕ ਵਿਦਵਾਨ ਤਰਸਪਾਲ ਕੌਰ (ਡਾ.) ਭੁਪਿੰਦਰ ਸਿੰਘ ਬੇਦੀ (ਡਾ.) ਤੇਜਿੰਦਰ ਚੰਡਿਹੋਕ ਤੇਜਾ ਸਿੰਘ ਤਿਲਕ ਹਰਿਭਗਵਾਨ (ਡਾ.) ਭੋਲਾ ਸਿੰਘ ਸੰਘੇੜਾ ਸੰਪਾਦਕ ਕਲਾਕਾਰ ਕੰਵਰਜੀਤ ਭੱਠਲ ਆਦਿ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਸਮੇਂ ਦੌਰਾਨ ਅਦਾਕਾਰਾ ਮਨਜੀਤ ਔਲਖ ਨੂੰ ਸ਼ਾਇਰ ਜੋਗਾ ਸਿੰਘ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ। ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।

ਤੇਜਿੰਦਰ ਚੰਡਿਹੋਕ
ਸਾਹਿਤ ਸੰਪਾਦਕ।

# ਗੋਲੀ ਲੱਗਣ ਕਾਰਨ ਨਿਸ਼ਾਨੇਬਾਜ਼ ਦੀ ਮੌਤ, 20 ਦਿਨ ਪਹਿਲਾਂ ਚੰਡੀਗੜ੍ਹ 'ਚ ਜਿੱਤਿਆ ਸੀ ਗੋਲਡ ਮੈਡਲ, ਘਰ 'ਚ ਸੋਗ ਦੀ ਲਹਿਰ


ਲੁਧਿਆਣਾ। ਪੰਜਾਬ ਦੇ ਲੁਧਿਆਣਾ 'ਚ ਸ਼ੂਟਿੰਗ 'ਚ ਸੋਨ ਤਮਗਾ ਜੇਤੂ ਜਸਦੇਵ ਨਗਰ ਨਿਵਾਸੀ ਇਸ਼ਪ੍ਰੀਤ ਸਿੰਘ (17) ਦੀ ਸੋਮਵਾਰ ਨੂੰ ਘਰ 'ਚ ਗੋਲੀ ਲੱਗਣ ਨਾਲ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਸਕੂਲ ਤੋਂ ਆਉਣ ਤੋਂ ਬਾਅਦ ਇਸ਼ਪ੍ਰੀਤ ਆਪਣੇ ਰਿਟਾਇਰਡ ਸੂਬੇਦਾਰ ਦਾਦਾ ਦਾ ਲਾਇਸੈਂਸੀ ਰਿਵਾਲਵਰ ਸਾਫ਼ ਕਰ ਰਿਹਾ ਸੀ।ਇਸ ਦੌਰਾਨ ਗੋਲੀ ਚੱਲ ਕੇ ਸਿੱਧੀ ਉਸ ਦੇ ਸਿਰ ਵਿੱਚ ਜਾ ਲੱਗੀ। ਫਾਇਰਿੰਗ ਦੀ ਆਵਾਜ਼ ਸੁਣ ਕੇ ਜਦੋਂ ਪਰਿਵਾਰ ਕਮਰੇ 'ਚ ਪਹੁੰਚਿਆ ਤਾਂ ਇਸ਼ਪ੍ਰੀਤ ਖੂਨ ਨਾਲ ਲੱਥਪੱਥ ਪਈ ਸੀ। ਉਸ ਨੂੰ ਨੇੜਲੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਸੂਚਨਾ ਮਿਲਦੇ ਹੀ ਥਾਣਾ ਸਦਰ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਜਾਂਚ ਤੋਂ ਬਾਅਦ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਚੌਕੀ ਇੰਚਾਰਜ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਸ਼ਪ੍ਰੀਤ ਨਨਕਾਣਾ ਸਾਹਿਬ ਪਬਲਿਕ ਸਕੂਲ ਵਿੱਚ 12ਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਦੋ ਭੈਣਾਂ ਦਾ ਇਕਲੌਤਾ



ਭਰਾ ਸੀ। ਇਕ ਭੈਣ ਵਿਦੇਸ਼ ਵਿਚ ਪੜ੍ਹਦੀ ਹੈ ਅਤੇ ਦੂਜੀ ਉਨ੍ਹਾਂ ਨਾਲ ਰਹਿੰਦੀ ਹੈ। ਇਸ਼ਪ੍ਰੀਤ ਖੁਦ ਇੱਕ ਨਿਸ਼ਾਨੇਬਾਜ਼ ਸੀ ਅਤੇ 20 ਦਿਨ ਪਹਿਲਾਂ ਚੰਡੀਗੜ੍ਹ ਵਿੱਚ ਹੋਈ ਸ਼ੂਟਿੰਗ ਵਿੱਚ ਗੋਲਡ ਮੈਡਲ ਜਿੱਤ ਚੁੱਕੀ ਸੀ। ਇਸ਼ਪ੍ਰੀਤ ਦੇ ਪਿਤਾ ਅਨੂਪ ਸਿੰਘ ਵੀ ਕੁਝ ਦਿਨ ਪਹਿਲਾਂ ਆਪਣੀ ਧੀ ਕੋਲ ਕੈਨੇਡਾ ਗਏ ਸਨ। ਸੋਮਵਾਰ ਨੂੰ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਜਦੋਂ ਇਸ਼ਪ੍ਰੀਤ ਕਰੀਬ ਡੇਢ ਵਜੇ ਘਰ ਪਹੁੰਚੀ ਤਾਂ ਉਸ ਨੇ ਆਪਣੇ ਦਾਦਾ ਰਣਜੋਤ ਸਿੰਘ ਦਾ ਲਾਇਸੈਂਸੀ ਰਿਵਾਲਵਰ ਸਾਫ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਗੋਲੀ ਚੱਲ ਕੇ ਉਸ ਦੇ ਸਿਰ ਵਿੱਚ ਜਾ ਲੱਗੀ। ਗੋਲੀ ਦੀ ਆਵਾਜ਼ ਸੁਣ ਕੇ ਪਰਿਵਾਰ ਵਾਲੇ ਇਸ਼ਪ੍ਰੀਤ ਨੂੰ ਤੁਰੰਤ ਹਸਪਤਾਲ ਲੈ ਕੇ ਗਏ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਇਸ਼ਪ੍ਰੀਤ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਇਲਾਕੇ ਵਿੱਚ ਸੋਗ ਦਾ ਮਾਹੌਲ ਹੈ। ਸਕੂਲ ਵਿੱਚ ਵੀ ਮਾਤਮ ਛਾਇਆ ਹੋਇਆ ਹੈ। ਚੌਕੀ ਇੰਚਾਰਜ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਡਾ. ਪਰਮਿੰਦਰ ਕੌਰ ਦੀਆਂ ਖਾਮੋਸ਼ ਕਵਿਤਾਵਾਂ ਦਾ ਸ਼ੋਰ



ਦਿਲ ਦਿਲ ਚ ਦੱਬੇ ਅਰਮਾਨ
ਲਫਜ਼ ਬਣ ਜਾਂਦੇ ਨੇ
ਤਨਹਾਈਆਂ ਗੀਤ ਬਣ ਜਾਂਦੀਆਂ ਨੇ
ਤੇ ਪੀੜਾਂ ਕਲਮ ਫ਼ੜਾ ਜਾਂਦੀਆਂ ਨੇ
ਹੰਝੂ ਸਿਆਹੀ
ਤੇ ਖਾਮੋਸ਼ੀਆਂ ਲਿਖਤਾਂ ਬਣ ਜਾਂਦੀਆਂ ਨੇ

ਆਪਣੀਆਂ ਲਿਖਤਾਂ ਰਾਹੀਂ ਅੰਮ੍ਰਿਤਾ ਪ੍ਰੀਤਮ ਦੀ ਝਲਕ ਦਿਖਾਉਦੀ ਡਾ ਪਰਮਿੰਦਰ ਕੌਰ ਪੁਤਰੀ ਸਰਦਾਰ ਸੰਤੋਖ ਸਿੰਘ ਮਾਂਗਟ, ਪਤਨੀ ਸਰਦਾਰ ਗੁਰ ਏਕਮ ਸਿੰਘ ਸੰਧੂ, ਅਬੋਹਰ ਦੀ ਰਹਿਣ ਵਾਲੀ ਉੱਭਰਦੀ ਕਵਿਤਰੀ ਇਕ ਛੋਟੇ ਜਿਹੇ ਪਿੰਡ ਦੀ ਜੰਮਪਲ ਹੈ ਡਾਕਟਰ ਪਰਮਿੰਦਰ ਕੌਰ ਬਚਪਨ ਤੋਂ ਹੀ ਪੜ੍ਹਨ ਦੀ ਬੜੀ ਸ਼ੌਕੀਨ ਸੀ ਬਾਰਵੀਂ ਤੱਕ ਪੜ੍ਹੀ ਡਾ. ਪਰਮਿੰਦਰ ਕੌਰ ਨੇ ਵਿਆਹ ਸਮੇਂ ਆਪਣੇ ਪਤੀ ਕੋਲੋਂ ਇਕ ਵਚਨ ਮੰਗਿਆ ਕੀ ਕੀ ਉਹ ਅੱਗੇ ਪੜ੍ਹਨਾ ਚਾਹੁੰਦੀ ਹੈ, ਪਤੀ ਗੁਰ ਏਕਮ ਨੇ ਵੀ ਆਪਣੇ ਬਚਨ ਨੂੰ ਬੜੀ ਸ਼ਿੱਦਤ ਨਾਲ ਨਿਭਾਇਆ ਪਹਿਲਾਂ ਬੀ ਏ ਫੇਰ ਐਮ ਏ ਅੰਗਰੇਜ਼ੀ ਦੀ ਪੜ੍ਹਾਈ ਕਰਨ ਮਗਰੋਂ ਅੰਗਰੇਜ਼ੀ ਵਿੱਚ ਹੀ ਪੀ ਐਚ ਡੀ ਕਰਾਈ , ਪੜ੍ਹਾਈ ਦੌਰਾਨ ਸੱਸ-ਸਹੁਰੇ ਦਾ ਵੀ ਪਰਮਿੰਦਰ ਕੌਰ ਨੂੰ ਪੂਰਾ ਸਾਥ ਮਿਲਿਆ ਸਹੁਰੇ ਪਰਿਵਾਰ ਵਿੱਚ ਪਰਮਿੰਦਰ ਨੂੰ ਇਕ ਬੇਟੀ ਨਾਲੋਂ ਵੀ ਵਧਕੇ ਪਿਆਰ ਮਿਲਿਆ ।

ਡਾ. ਧਰਮਿੰਦਰ ਕੌਰ ਦੀ ਇਕ ਬੇਟੀ ਹੈ "ਗੁਰਬਾਣੀ" ਉਨ੍ਹਾਂ ਦਾ ਮੰਨਣਾ ਹੈ ਕਿ ਬੇਟੀ ਦੇ ਕੇ ਰੱਬ ਨੇ ਉਨ੍ਹਾਂ ਨੂੰ ਖੁਸ਼ੀਆਂ ਦਾ ਖਜਾਨਾ ਦੇ ਦਿੱਤਾ ਹੈ , ਬੇਟੀ ਨੂੰ ਉਨ੍ਹਾਂ ਦੇ ਪਰਵਾਰ ਚ ਵਾਹਿਗੁਰੂ ਜੀ ਅਣਮੁੱਲੀ ਭੇਟ ਮੰਨਿਆ ਜਾਂਦਾ ਹੈ ਬੇਟੀ ਅਤੇ ਸਹੁਰੇ ਪਰਿਵਾਰ ਦੀਆਂ ਕਈ ਜਿੰਮੇਦਾਰੀਆਂ ਨਿਭਾਉਣ ਦੇ ਨਾਲ-ਨਾਲ ਡਾ. ਪਰਮਿੰਦਰ ਕੌਰ ਨੇ ਕੜੀ ਮਿਹਨਤ ਕਰਕੇ ਆਪਣੇ ਆਪ ਦੀ ਇਕ ਵੱਖਰੀ ਪਹਿਚਾਣ ਬਣਾਈ ਹੈ ਉਹਨਾਂ ਨੇ ਇਹ ਸਾਬਿਤ ਕੀਤਾ ਹੈ ਕਿ ਕੋਈ ਵੀ ਕੰਮ ਮੁਸ਼ਕਿਲ ਨਹੀਂ ਹੁੰਦਾ, ਬਸ ਕਰਨ ਦਾ ਜਜ਼ਬਾ ਹੋਣਾ ਚਾਹੀਦਾ ਹੈ ।

ਡਾਕਟਰ ਪਰਮਿੰਦਰ ਕੁੜੀਆਂ ਲਈ ਇਕ ਮਿਸਾਲ ਬਣਨਾ ਚਾਹੁੰਦੀ ਹੈ

ਡਾ. ਪਰਮਿੰਦਰ ਕੌਰ ਸ਼ੁਰੂ ਤੋਂ ਹੀ ਬਾਹਰਲੀ ਦੁਨੀਆ ਨਾਲ ਘੱਟ ਹੀ ਵਾਹ ਵਾਸਤਾ ਰੱਖਦੀ ਸੀ , ਸਾਰਾ ਸਾਰਾ ਦਿਨ ਆਪਣੀਆ ਕਿਤਾਬਾ ਨਾਲ ਆਪਣੇ ਕਮਰੇ ਵਿਚ ਬੈਠੇ ਰਹਿਣਾ, ਕਿਤਾਬਾਂ ਨੂੰ ਪੜ੍ਹਦੇ ਰਹਿਣਾ, ਲਿਖਦੇ ਰਹਿਣਾ , ਬਸ ਇਹ ਹੀ ਦੋ ਪਰਮਿੰਦਰ ਦੇ ਸ਼ੌਂਕ ਸਨ ।

ਡਾ. ਪਰਮਿੰਦਰ ਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਂਕ ਸੀ ਪਰ ਉਸ ਦੀਆਂ ਕਵਿਤਾਵਾਂ ਨੂੰ ਹੁੰਗਾਰਾ ਓਦੋਂ ਮਿਲਿਆ ਜਦੋਂ ਪਰਮਿੰਦਰ ਦੇ ਪਤੀ ਨੇ ਉਸ ਦੀਆਂ ਲਿਖੀਆਂ ਕਵਿਤਾਵਾਂ ਪੜ੍ਹੀਆਂ ਪਰਮਿੰਦਰ ਕਿਸੇ ਵੀ ਚੀਜ਼ ਨੂੰ ਦੇਖਕੇ ਉਸ ਨੂੰ ਕਮਲ਼ ਬੰਦ ਕਰਨ ਦੀ ਸਮਰੱਥਾ ਰੱਖਦੀ ਹੈ , ਪਤੀ ਗੁਰ ਏਕਮ ਨੂੰ ਪਹਿਲੀ ਵਾਰੀ ਦੇਖ ਕੇ "ਮੁਰੀਦ ਹੋਈ", "ਤੁਸੀਂ ਜਾਂਦੇ-ਜਾਂਦੇ" , " ਅੱਖਾਂ" , " ਸ਼ੁਕਰ ਗੁਜ਼ਾਰ" ਵਰਗੀਆਂ ਰਚਨਾਵਾਂ ਲਿਖੀਆਂ ਪਤੀ ਗੁਰ ਏਕਮ ਨੇ ਪਰਮਿੰਦਰ ਨੂੰ ਹਮੇਸ਼ਾਂ ਹੀ ਲਿਖਣ ਵਾਸਤੇ ਪ੍ਰੇਰਿਤ ਕੀਤਾ ਬਹੁਤ ਜਲਦ ਪਰਮਿੰਦਰ ਆਪਣੀ ਪਹਿਲੀ ਕਿਤਾਬ ਪਬਲਿਸ਼ ਕਰਨ ਜਾ ਰਹੀ ਹੈ ਡਾ ਪਰਮਿੰਦਰ ਕੌਰ ਆਪਣੀ ਸਫਲਤਾ ਦਾ ਸੇਹਰਾ ਆਪਣੇ ਪਤੀ ਸਿਰ ਬੰਨਦੀ ਹੈ ਪਤੀ ਨੇ ਉਸ ਨੂੰ ਉਸਦੀ ਇੱਕ ਅਲੱਗ ਪਹਿਚਾਣ ਦਿੱਤੀ ਹੈ

ਡਾਕਟਰ ਪਰਮਿੰਦਰ ਕੌਰ ਦੇ ਮਾਤਾ ਪਿਤਾ ਨੂੰ ਬਹੁਤ ਸ਼ੌਂਕ ਸੀ ਕਿ ਸਾਡੀ ਬੇਟੀ ਪੜ੍ਹ-ਲਿਖ ਕੇ ਡਾਕਟਰ ਬਣੇ ਪਰਮਿੰਦਰ ਦੇ ਮਾਤਾ ਜੀ ਬਹੁਤੇ ਪੜ੍ਹੇ-ਲਿਖੇ ਨਹੀਂ ਹਨ ਪਰ ਉਨ੍ਹਾਂ ਦੇ ਮਾਤਾ ਜੀ ਉਹਨਾਂ ਨੂੰ ਸਦਾ ਹੀ ਪੜ੍ਹਨ ਲਈ ਪ੍ਰੇਰਿਤ ਕਰਦੇ ਰਹੇ ਹਨ ਪੀ ਐਚ ਡੀ ਕਰ ਕੇ ਆਪ ਜੀ ਨੇ ਆਪਣੇ ਮਾਤਾ ਪਿਤਾ ਦਾ ਸੁਪਨਾ ਸਾਕਾਰ ਕੀਤਾ ਹੈ ਅਤੇ ਨਾਮ ਰੌਸ਼ਨ ਕੀਤਾ ਹੈ ਅਤੇ ਉਨ੍ਹਾਂ ਦਾ ਸਹੁਰਾ ਪਰਿਵਾਰ ਵੀ ਉਹਨਾਂ ਤੇ ਮਾਣ ਮਹਿਸੂਸ ਕਰਦਾ ਹੈ ।

ਕਵਿਤਾਵਾਂ ਦੇ ਨਾਲ ਨਾਲ ਡਾਕਟਰ ਪਰਮਿੰਦਰ ਕੌਰ ਨੇ ਕਈ ਮਿੰਨੀ ਕਹਾਣੀਆਂ ਵੀ ਲਿਖੀਆਂ ਹਨ , ਜਿਵੇਂ ਕਿ "ਜਣੇਪੇ ਦਾ ਦਰਦ " , "ਚਾਲੀ ਛਾਪਾ" , " ਨਾਮ" , "ਨਵੇਂ ਸੈਡਲ" ਆਪ ਜੀ ਦੀਆਂ ਦਿਲ ਨੂੰ ਟੁੰਬਣ ਵਾਲੀਆਂ ਰਚਨਾਵਾਂ ਹਨ ਉਮੀਦ ਹੈ ਕਿ ਉਹ ਪੰਜਾਬੀ ਸਾਹਿਤ ਵਿੱਚ ਇਸੇ ਤਰ੍ਹਾਂ ਆਪਣਾ ਯੋਗਦਾਨ ਪਾਉਂਦੇ ਰਹਿਣਗੇ

ਬੜੀ ਰੀਝ ਨਾਲ ਤੋੜਿਆ ਸੀ ਮੈਨੂੰ ਐ ਦੇਖ
ਮੈਂ ਅਜੇ ਤੱਕ ਜੁੜਿਆ ਈ ਨੀ
ਐਸੀਆ ਜੜ੍ਹਾਂ ਪੁਟੀਆ
ਐ ਦੇਖ
ਮੈਂ ਅਜੇ ਤੱਕ ਪੈਰਾਂ ਤੇ ਖੜਿਆ ਈ ਨੀ
ਲੀਰੋ ਲੀਰ ਹੋਏ ਜ਼ਿੰਦਗੀ ਦੇ ਤਾਨੇ ਬਾਣੇ ਨੂੰ
ਐ ਦੇਖ
ਮੈਂ ਵੀ ਰਫੂ ਫਿਰ ਕਰਿਆ ਈ ਨੀ
ਜਿਹੜਾ ਘੋਲ ਗਿਆ ਸੈ ਜ਼ਹਿਰ ਮੇਰੇ ਨਾਸਾ'ਚ
ਇਹਨੇ ਵੀ ਕਬਰਾਂ ਤਕ ਖੜਿਆ ਈ ਨੀ।

ਰਮੇਸ਼ਵਰ ਸਿੰਘ



# ਜਦੋਂ ਮੇਰੀ ਬਦਲੀ ਸਰਕਾਰੀ ਹਾਈ ਸਕੂਲ ਸਮਾਉਂ ਤੋਂ ਸਰਕਾਰੀ ਹਾਈ ਸਕੂਲ ਚਕੇਰੀਆਂ ਹੋਈ

ਅੱਜ ਦੇ ਸਮੇਂ ਵਿੱਚ ਅਸੀਂ ਸਾਰੇ ਸਰਕਾਰੀ ਨੌਕਰੀ ਚਾਹੁੰਦੇ ਹਾਂ। ਮੈਂ ਵੀ ਉਹਨਾਂ ਵਿੱਚੋਂ ਇੱਕ ਸੀ , ਮੇਰੇ ਮਨ ਵਿੱਚ ਵੀ ਇਹ ਹੀ ਵਿਚਾਰ ਸੀ ਕਿ ਇੱਕ ਵਾਰ ਨੌਕਰੀ ਮਿਲ ਜੇ, ਚਾਹੇ ਕਿਤੇ ਮਰਜ਼ੀ ਮਿਲ ਜੇ । ਪਰਮਾਤਮਾ ਨੇ ਮੇਰੀ ਸੁਣ ਲਈ , ਮੈਨੂੰ ਸਰਕਾਰੀ ਹਾਈ ਸਕੂਲ ,ਸਮਾਉਂ ਵਿਖੇ ਨੌਕਰੀ ਕਰਨ ਦਾ ਮੌਕਾ ਪ੍ਰਾਪਤ ਹੋਇਆ ।ਸਕੂਲ, ਘਰ ਤੋਂ ਦੂਰ ਹੋਣ ਕਰਕੇ ਮੈਨੂੰ ਆਪਣੇ ਘਰ ਤੋਂ ਸਕੂਲ ਪਹੁੰਚਣ ਲਈ ਕਾਫੀ ਸਮਾਂ ਪਹਿਲਾਂ ਚੱਲਣਾ ਪੈਂਦਾ ਸੀ। ਲਗਭਗ ਰੋਜ਼ਾਨਾ ਦੋ ਤੋਂ ਢਾਈ ਘੰਟੇ ਮੇਰੇ ਰਸਤੇ ਵਿੱਚ ਹੀ ਬਤੀਤ ਹੋ ਜਾਂਦੇ , ਜਿਸ ਕਰਕੇ ਮੇਰੇ ਕਾਫੀ ਸਾਰੇ ਘਰ ਦੇ ਕੰਮ ਹੋਣ ਤੋਂ ਰਹਿ ਜਾਂਦੇ । ਮੇਰੇ ਬੱਚੇ ਛੋਟੇ ਹੋਣ ਕਰਕੇ ਮੇਰੇ ਲਈ ਰੋਜ਼ਾਨਾ ਇਨ੍ਹਾਂ ਵਕਤ ਕੱਢਣਾ ਮੁਸ਼ਕਿਲ ਹੋ ਗਿਆ ਸੀ । ਇਸੇ ਲਈ ਮੈਂ ਸਮਾਉਂ ਤੋਂ ਆਪਣੇ ਨੇੜੇ ਸਕੂਲ ਵਿੱਚ ਬਦਲੀ ਕਰਵਾਉਣ ਬਾਰੇ ਸੋਚਿਆ।

ਜਦੋਂ ਵਿਭਾਗ ਵੱਲੋਂ ਬਦਲੀਆਂ ਹੋਈਆ ਤਾਂ ਮੇਰੀ ਬਦਲੀ ਵੀ ਸਰਕਾਰੀ ਹਾਈ ਸਕੂਲ, ਚਕੇਰੀਆਂ ਵਿਖੇ ਹੋ ਗਈ । ਮੈਂ ਬਹੁਤ ਖੁਸ਼ ਸੀ ਕਿ ਹੁਣ ਮੈਨੂੰ ਆਪਣੇ ਘਰ ਦੇ ਨੇੜੇ ਸਕੂਲ ਮਿਲ ਗਿਆ ਹੈ , ਇੰਨਾ ਸਮਾਂ ਮੈਨੂੰ ਹੁਣ ਰਸਤੇ ਵਿੱਚ ਨਹੀਂ ਬਿਤਾਉਣ ਦੀ ਲੋੜ ਨਹੀਂ ਪਵੇਗੀ। ਹੁਣ ਮੇਰੇ ਕੋਲ ਆਪਣੇ ਬੱਚਿਆਂ ਨਾਲ ਬਿਤਾਉਣ



ਲਈ ਵੀ ਸਮਾਂ ਹੋਵੇਗਾ ।

ਮੈਂ ਚਕੇਰੀਆਂ ਸਕੂਲ ਜੁਆਇਨ ਕਰ ਲਿਆ। ਪਰ ਅਜੇ ਪਿਛਲੇ ਸਕੂਲ ਵਿੱਚ ਇੱਕ ਦਿਨ ਆਪਣਾ ਚਾਰਜ ਦੇਣ ਲਈ ਸਮਾਉਂ ਜਾਣਾ ਸੀ । ਕਰੀਬ 15 ਦਿਨਾਂ ਬਾਅਦ ਮੈਂ ਆਪਣੇ ਪਿਛਲੇ ਸਕੂਲ ਵਿੱਚ ਚਾਰਜ ਦੇਣ ਲਈ ਗਈ, ਤਾਂ ਇੱਕ ਵਿਦਿਆਰਥੀ ਜਸ਼ਨਦੀਪ ਜੋ ਕਿ ਦਸਵੀ ਕਲਾਸ ਦਾ ਸੀ, ਮੇਰੇ ਕੋਲ ਭੱਜਿਆ-ਭੱਜਿਆ ਆਇਆ , ਕਹਿੰਦਾ ਸ਼ੁਕਰ ਹੈ ਮੈਡਮ ਜੀ ਤੁਸੀਂ ਆ ਗਏ, ਨਹੀਂ ਤਾਂ ਪੰਦਰਾਂ ਦਿਨਾਂ ਤੋਂ ਸਾਡੀ ਸਾਇੰਸ ਦੀ ਕਲਾਸ ਹੀ ਨਹੀਂ ਲੱਗੀ । ਅੱਜ ਤੁਸੀਂ ਕਲਾਸ ਵਿੱਚ ਆ ਕੇ ਸਾਨੂੰ ਸਾਇੰਸ ਪੜਾ ਦਿਉ । ਵਿਦਿਆਰਥੀ ਦੀ ਇਹ ਗੱਲ ਸੁਣ ਕੇ ਮੈਨੂੰ ਆਪਣੇ ਆਪ ਤੇ ਸ਼ਰਮਿੰਦਗੀ ਮਹਿਸੂਸ ਹੋਈ ਕਿ ਅਸੀਂ ਕਿੰਨੇ ਮਤਲਬੀ ਹਾਂ, ਸਿਰਫ ਆਪਣੇ ਬੱਚਿਆਂ ਲਈ ਹੀ ਸੋਚਿਆ । ਇਹ ਬੱਚਿਆਂ ਨੂੰ ਹੁਣ ਕੌਣ ਪੜਾਏਗਾ, ਜੋ ਮੇਰੇ ਤੇ ਆਸ ਰੱਖੀ ਬੈਠੇ ਹਨ। ਮੈਂ ਉਸ ਦਿਨ ਕਲਾਸ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਪੜ੍ਹਾਇਆ, ਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜਲਦੀ ਹੀ ਉਹਨਾਂ ਨੂੰ ਪੜ੍ਹਾਉਣ ਲਈ ਕੋਈ ਨਵਾਂ ਸਾਇੰਸ ਅਧਿਆਪਕ ਜ਼ਰੂਰ ਆਵੇਗਾ। ਮੇਰੀ ਸਰਕਾਰ ਨੂੰ ਵੀ ਬੇਨਤੀ ਹੈ ਕਿ ਅਧਿਆਪਕਾਂ ਦੀਆਂ ਬਦਲੀਆਂ ਵਿੱਦਿਅਕ ਸੈਸ਼ਨ ਦੇ ਸ਼ੁਰੂ ਵਿਚ ਕੀਤੀਆਂ ਜਾਣ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ ।



ਮਨਪ੍ਰੀਤ ਕੌਰ
ਸਾਇੰਸ ਮਿਸਟ੍ਰੈੱਸ
ਸਰਕਾਰੀ ਹਾਈ ਸਕੂਲ,ਚਕੇਰੀਆਂ
(ਮਾਨਸਾ)

## ਸਿਰਜਣਹਾਰੇ

ਚਲੋ ਬਣਾਈਏ ਚਰਚ, ਮੰਦਰ ਤੇ ਮਸਜਿਦ, ਗੁਰੂਦੁਆਰੇ।
ਐਨੇ ਵਿੱਚ ਨੀ' ਸਰਨਾ ਦੇਈਏ ਮੜ੍ਹ ਸੋਨੇ ਵਿੱਚ ਸਾਰੇ।
ਅਪਣੇ ਅਸੀ ਬਣਾ ਹੀ ਲਏ ਨੇ ਸ਼ਰਮ ਭੋਰਾ ਹੁਣ ਕਰੀਏ,
ਅੱਲਾ, ਗੋਡ, ਵਾਹਿਗੁਰੂ, ਭਗਵਨ ਬੇਘਰ ਹਨ ਵਿਚਾਰੇ।
ਵਿੱਚ ਟਿਕਾਈਏ ਅਤੇ ਸਜਾਈਏ ਅਪਣੀਆਂ ਸਿਰਜੀਆਂ ਚੀਜਾਂ,
ਉੱਚੀ-ਉੱਚੀ ਗਾਈਏ "ਇਹ ਸ਼੍ਰਿਸ਼ਟੀ ਦੇ ਸਿਰਜਣਹਾਰੇ।"
ਆਪਣੇ ਧੁਰ ਅੰਦਰ ਦੀ ਪਰ ਨਾ ਨਿਰਖ ਪਰਖ ਕੋਈ ਕਰੀਏ,
ਕੌਣ ਬੋਲਦੈ ਜਾਂ ਬੁਲਵਾਉਂਦੈ ਇਸ ਦੇਹੀ ਵਿਚਕਾਰੇ।
ਬਾਹਲ਼ਾ ਸਿਆਣਾ ਬਣ ਨਾ ਰੋਮੀ ਗੱਲ ਪਤੇ ਦੀ ਕਰਕੇ,
ਪਿੰਡ ਘੜਾਮੇਂ ਕਿਧਰੇ ਪੈ ਨਾ ਜਾਣ ਮਾਮਲੇ ਭਾਰੇ।
ਸੋਧੇ, ਫਤਵੇ, ਛੇਕ-ਛਕਈਏ ਸਹਿਣ ਤੈਥੋਂ ਨੀ' ਹੋਣੇ,
ਰੋਲ਼ੂ ਜਦੋਂ ਪੁਜਾਰੀ ਲਾਣਾ ਸਰਕਾਰੇ ਦਰਬਾਰੇ।



ਰੋਮੀ ਘੜਾਮੇਂ ਵਾਲ਼ਾ
98552-81105

## ਤੇਰੀ ਰਜਾ ਬਗੈਰ

ਤੇਰੀ ਰਜਾ ਬਗੈਰ ਜੇਕਰ ਪੱਤਾ ਨੀ ਸਕਦਾ ਝੁੱਲ ਰੱਬਾ,
ਫੇਰ ਤੈਨੂੰ ਵੇਚਣ ਲਈ ਕਿਹਨੇ ਪਾ ਤਾ ਤੇਰਾ ਮੁੱਲ ਰੱਬਾ,

ਮੰਦਿਰ-ਮਸਜਿਦ ਤੇ ਜਾਤ-ਪਾਤ ਦੇ ਨਾਉਂ ਤੇ ਸਿਆਸਤ
ਧਰਮ ਦੇ ਨਾਂ ਤੇ ਦੰਗੇ ਕਰਨ ਦੀ ਕੀਹਨੇ ਦੇ ਤੀ ਖੁੱਲ੍ਹ ਰੱਬਾ,

ਇਥੇ ਮਜਦੂਰ,ਮਜਲੂਮ ਦਾ ਸ਼ੋਸ਼ਣ ਸ਼ਰੇਆਮ ਹੁੰਦਾ ਏ
ਦੱਸ ਫੇਰ ਵੀ ਕਾਹਤੋਂ ਸਿਉਂਤੇ ਜਾਂਦੇ ਨੇ ਤੇਰੇ ਬੁੱਲ ਰੱਬਾ,

ਕਿਰਤੀ ਕਾਮੇ ਭੁੱਖੇ ਮਰਦੇ ਤੇ ਧਨਾਢ ਮਾਰਣ ਠੱਗੀਆਂ
ਉਲਟੀ ਗੰਗਾ ਵਹਾਉਣ ਦੀ ਕੀਹਨੇ ਕਰਤੀ ਭੁੱਲ ਰੱਬਾ,

ਤੂੰ ਵੀ ਤਾਂ ਹਾਕਮਾਂ,ਸ਼ਾਸ਼ਕਾਂ ਤੇ ਬੇਇਮਾਨਾਂ ਦਾ ਸਾਥ ਦੇਵੇਂ
'ਹੋਸ਼ੀ' ਤਾਂ ਹੀ ਸੱਚ ਨੂੰ ਛੱਡ, ਲੋਕ ਜਾਂਦੇ ਝੂਠ ਦੇ ਵੱਲ ਰੱਬਾ,



ਪਵਨ 'ਹੋਸ਼ੀ
ਸ਼ਿਵਮ ਕਲੋਨੀ ਸੰਗਰੂਰ
8054545632

# ਇੱਕ ਤੋਰ ਇਹ ਵੀ (ਜੇਲ੍ਹ ਜੀਵਨ 'ਚੋਂ) ਕਾਂਡ - ਚੌਥਾ

## ਘੁਰਾੜਿਆਂ ਦੇ ਹਾਰਨ

ਹੁਣ ਸਾਡੇ ਲਈ ਜੇਲ੍ਹ ਦਾ ਵਾਤਾਵਰਨ ਆਮ ਵਰਗਾ ਹੋ ਗਿਆ ਸੀ। ਸ਼ਾਮ ਨੂੰ ਸਾਡੇ ਵਾਲੀ ਬੈਰਕ ਦੇ ਬਾਹਰ, 5 ਤੋਂ 7 ਵਜੇ ਤੱਕ ਸਟੇਜ ਲੱਗਣੀ ਸ਼ੁਰੂ ਹੋ ਗਈ ਸੀ। ਰੋਜ਼ਾਨਾ ਇੱਕ ਨਵਾਂ ਜਥਾ ਗਰਿਫ਼ਤਾਰੀ ਦੇ ਕੇ ਆਉਂਦਾ,ਅਸੀਂ ਉਸ ਦੇ ਸੁਆਗਤ ਲਈ ਗੇਟ ਤੱਕ ਪਹੁੰਚਦੇ। ਜੇਲ੍ਹ ਸੁਪਰਡੈਂਟ ਦੀ ਹਦਾਇਤ 'ਤੇ ਪ੍ਰੈਸ ਕਰਨ ਵਾਲਾ ਤੇ ਅਖ਼ਬਾਰ ਵਾਲਾ ਸਵੇਰੇ ਹੀ ਬੈਰਕਾਂ 'ਚ ਆ ਜਾਂਦੇ। ਰੌਣਕ ਕਾਫ਼ੀ ਵਧ ਰਹੀ ਸੀ। ਫ਼ਤਹਿਗੜ੍ਹ ਸਾਹਿਬ ਤੇ ਸੰਗਰੂਰ ਜਿਲ੍ਹੇ ਦੇ ਜਥੇ ਵੀ ਆ ਗਏ ਸਨ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਾਲੇ ਅਧਿਆਪਕਾਂ ਨੂੰ ਸਾਡੇ ਨਾਲ ਵਾਲੀ ਬੈਰਕ ਦੇ ਵਿਚ ਠਹਿਰਾ ਦਿੱਤਾ ਗਿਆ ਸੀ ਤੇ ਉਹਨਾਂ ਦੀ ਮੈੱਸ ਵੀ ਸਾਡੇ ਨਾਲ ਸਾਂਝੀ ਕਰ ਦਿੱਤੀ ਗਈ ਸੀ। ਪਰ ਸੰਗਰੂਰ, ਪਟਿਆਲਾ, ਮੋਗਾ, ਫਰੀਦਕੋਟ, ਮੁਕਤਸਰ ਸਾਹਿਬ ਸਾਡੇ ਸਾਹਮਣੇ ਵਾਲੀਆਂ ਬੈਰਕਾਂ 'ਚ ਸਨ। ਪਹਿਲੀ ਰਾਤ ਉਨ੍ਹਾਂ ਦਾ ਖਾਣਾ ਜੇਲ੍ਹ ਮੈੱਸ ਨੇ ਦਿੱਤਾ। ਪ੍ਰਧਾਨ ਸਰਦਾਰ ਤੇਜਾ ਸਿੰਘ ਜੀ ਪੰਜ ਛੇ ਸਾਥੀਆਂ ਨੂੰ ਨਾਲ ਲੈ ਕੇ, ਉਹਨਾਂ ਨੂੰ ਜਦੋਂ ਮਿਲਣ ਗਏ ਚਾਰੇ ਪਾਸੇ,ਅਧਿਆਪਕਾਂ 'ਚ ਜੋਸ਼ ਦਾ ਹੜ੍ਹ ਠਾਠਾਂ ਮਾਰ ਰਿਹਾ ਸੀ।

ਸਾਰਿਆਂ ਦੇ ਖਾਣਾ ਖਾਧਾ ਤੇ ਸਟੇਜ ਵੱਲ ਆ ਗਏ। ਸਟੇਜ ਲੱਗ ਚੁੱਕੀ ਸੀ। ਮੈਂ ਸਟੇਜ ਸੰਭਾਲ ਲਈ ਸੀ। ਕਿਉਂਕਿ ਮੇਰਾ ਪਿਛੋਕੜ ਸੰਗਰੂਰ ਜ਼ਿਲ੍ਹੇ ਦੇ ਪਿੰਡ ਡਸਕਾ ਨਾਲ ਸੀ ਇਹ ਜਾਣ ਕੇ ਸੰਗਰੂਰ ਵਾਲੇ ਸਾਥੀ ਬਹੁਤ ਖੁਸ਼ ਹੋਏ। ਭਾਵੇਂ ਮੇਰਾ ਜਨਮ ਮਾਨਸਾ ਜ਼ਲਿ ਦੀ ਮੰਡੀ ਬੁਢਲਾਡਾ ਵਿਖੇ ਹੋਇਆ ਪਰ ਆਪਣੇ ਪਿੱਤਰਾਂ ਦੇ ਪਿੰਡ ਨੂੰ ਮੈਂ ਸਟੇਜ 'ਤੇ ਪਹਿਲ ਦਿੱਤੀ। ਸਾਰੇ ਸਾਥੀਆਂ ਨੂੰ ਪ੍ਰਧਾਨ ਜੀ ਨੇ ਜੀਓ ਆਇਆ ਨੂੰ ਕਿਹਾ ਤੇ ਰੋਜ਼ਾਨਾ ਪੰਜ ਤੋਂ ਸੱਤ ਸ਼ਾਮ ਨੂੰ ਸੱਭਿਆਚਾਰਕ ਪ੍ਰੋਗਰਾਮ ਦੀ ਸਟੇਜ ਬਾਰੇ ਦੱਸ ਕੇ, ਉਥੋਂ ਸਾਨੂੰ ਨਾਲ ਲੈ

ਦੂਜੀਆਂ ਬੈਰਕਾਂ ਵਿਚ ਗੇੜਾ ਮਾਰਨ ਚਲੇ ਗਏ। ਸਭ ਦਾ ਦੁੱਖ ਸੁੱਖ ਪੁੱਛਿਆ, ਜਦੋਂ ਅਸੀਂ ਵਾਪਸ ਆਪਣੀ ਬੈਰਕ ਦੇ 'ਚ ਪਹੁੰਚੇ, ਉਦੋਂ ਰਾਤ ਦੇ ਗਿਆਰਾਂ ਵੱਜ ਚੁੱਕੇ ਸੀ। ਬਹੁਤੇ ਜੇਲ੍ਹੀ ਸਾਥੀ ਸੌਂ ਚੁੱਕੇ ਸਨ। ਕੁਝ ਕੁ ਤਾਸ਼ ਖੇਡ ਰਹੇ ਸਨ ਤੇ ਕੁਝ ਸੌਣ ਦੀ ਤਿਆਰੀ ਕਰ ਰਹੇ ਸਨ। ਪ੍ਰਧਾਨ ਜੀ ਨੇ ਆਪਣੀ ਪੱਗ ਲਾਹੀ, ਸੌਣ ਵਾਲੇ ਕਪੜੇ ਪਉਣੇ ਸ਼ੁਰੂ ਕੀਤੇ ਤੇ ਮੈਂ ਉਹਨਾਂ ਤੋਂ ਇਜਾਜ਼ਤ ਲੈ ਕੇ, ਜਦੋਂ ਆਪਣੇ ਬਿਸਤਰ 'ਤੇ ਪਹੁੰਚਿਆਂ, ਪਰਮਜੀਤ ਜਾਗ ਰਿਹਾ ਸੀ। ਉਸ ਦੇ ਚਿਹਰੇ ਤੋਂ ਤਕਲੀਫ਼ ਸਾਫ਼ ਝਲਕ ਰਹੀ ਸੀ। ਸੱਚਮੁੱਚ ਹੀ ਉਹ ਕਾਫ਼ੀ ਬਿਮਾਰ ਸੀ। ਅੱਜ ਰੋਟੀ ਵੀ ਉਸ ਨੇ, ਨਾ ਸਰਦੇ ਨੂੰ ਇੱਕ,ਅੱਧੀ ਹੀ ਖਾਧੀ ਸੀ। ਮੈਂ ਉਸ ਨੂੰ ਪੁੱਛਿਆ," ਕੀ ਗੱਲ ਪਰਮਜੀਤ! ਨੀਂਦ ਨਹੀਂ ਆ ਰਹੀ ?" ਤਾਂ ਉਸ ਨੇ ਕਿਹਾ," ਥੋੜ੍ਹੀ ਤਕਲੀਫ਼ ਵੀ ਸੀ ਤੇ ਘੁਰਾੜਿਆਂ ਵਿਚ ਮੈਨੂੰ ਨੀਂਦ ਵੀ ਘੱਟ ਆਉਂਦੀ ਹੈ। ਮੇਰੀ ਨਿਗਾਹ ਇੱਕ ਦਮ ਕੁਝ ਸੁੱਤੇ ਪਏ ਅਧਿਆਪਕਾਂ/ਕਰਮਚਾਰੀਆਂ ਵੱਲ ਗਈ। ਉਨ੍ਹਾਂ 'ਚੋਂ ਪੰਜ,ਸੱਤ ਅਧਿਆਪਕਾਂ ਦੇ ਘੁਰਾੜੇ ਸੱਚ-ਮੁੱਚ ਹੀ ਐਨੀ ਆਵਾਜ਼ ਪੈਦਾ ਕਰ ਰਹੇ ਸਨ ਕਿ ਸੰਵੇਦਨਸ਼ੀਲ ਬੰਦਾ ਤਾਂ ਸੌਣ ਬਾਰੇ ਸੋਚ ਵੀ ਨਹੀਂ ਸੀ ਸਕਦਾ। ਸਭ ਤੋਂ ਉੱਚੇ ਉੱਚੇ ਘੁਰਾੜੇ, ਅੰਮ੍ਰਿਤਸਰ ਵਾਲੇ ਇੱਕ ਬਜ਼ੁਰਗ ਅਧਿਆਪਕਾਂ ਦੇ, ਤੇ ਦੂਜੇ ਸਾਡੇ ਸਕੂਲ ਦੇ ਸੇਵਾਦਾਰ ਦੇਸ ਰਾਜ ਦੇ ਸਨ। ਬੜੀ ਮੁਸੀਬਤ ਹੋਈ , ਭਾਵੇਂ ਉਹ ਸੁੱਤੇ ਸਾਡੇ ਤੋਂ ਹਟ ਕੇ ਚੌਥੀ ਲਾਈਨ ਵਿਚ ਸਨ ਪਰ ਉਹਨਾਂ ਦੇ ਘੁਰਾੜਿਆਂ ਦਾ ਡਰਾਉਣਾ ਸੰਗੀਤ, ਸਾਡੇ ਤੱਕ ਅੱਪੜ ਰਿਹਾ ਸੀ। ਮੈਂ ਸੋਚਿਆ,"ਜੇ ਐਨੀ ਦੂਰ ਪਿਆ ਪਰਮਜੀਤ ਡਿਸਟਰਬ ਹੋ ਸਕਦਾ ਹੈ ਤਾਂ ਉਨ੍ਹਾਂ ਦੇ ਬਿਲਕੁਲ ਨਾਲ ਪਏ ਅਧਿਆਪਕਾਂ ਦਾ ਕੀ ਹਾਲ ਹੋਵੇਗਾ।" ਮੇਰੀ ਨਿਗਾਹ ਇੱਕ ਦਮ ਸਾਡੇ ਸਕੂਲ ਦੇ ਅਧਿਆਪਕ ਸਾਥੀ ਦਰਸ਼ਨ 'ਤੇ ਪਈ, ਜਿਹੜਾ ਘਰੋਂ ਆਇਆ ਹੀ ਬਿਮਾਰ ਸੀ, ਤੇ ਪਿਆ ਵੀ ਬਿਲਕੁਲ ਉਹਨਾਂ ਦੇ ਵਿਚਕਾਰ ਸੀ। ਮੈਂ ਗੇੜਾ ਮਾਰਨ ਦੇ ਬਹਾਨੇ ਉੱਥੇ ਗਿਆ, ਮੇਰੀ ਪੈੜ ਚਾਲ ਸੁਣ ਕੇ ਦਰਸ਼ਨ ਬੈਠਾ ਹੋ ਗਿਆ। ਮੈਂ ਪੁੱਛਿਆ," ਕੀ ਗੱਲ ਦਰਸ਼ਨ, ਨੀਂਦ ਨਹੀ ਆ ਰਹੀ ? " ਉਸ ਨੇ ਕਿਹਾ" ਨੀਂਦ ਦਾ ਕੀ ਕਸੂਰ ਹੈ, ਜੇ ਪਰਮਾਨੈਂਟ ਹੀ ਹੌਰਨ ਕੰਨ ਦੇ ਨਾਲ ਵਜਦਾ ਹੋਵੇ।" ਦਰਸ਼ਨ ਦੀ ਗੱਲ ਸੁਣ ਕੇ ਉਸ ਦੇ ਨੇੜੇ ਅੱਖਾਂ ਬੰਦ ਕਰੀ,ਪਏ ਪੰਜ, ਛੇ ਅਧਿਆਪਕ ਹੋਰ, ਉੱਠ ਕੇ ਬੈਠ ਗਏ । ਉਨ੍ਹਾਂ ਚੋਂ ਇੱਕ ਨੇ ਕਿਹਾ," " ਜੱਸੀ ਭਾਅ ! ਇਹਨਾਂ ਦੇ ਸਾਈਲੈਂਸਰ ਲਗਾਉਣਾ ਪੈਣਾ ਈ।" ਮੈਂ ਉਨ੍ਹਾਂ ਸਾਰਿਆਂ ਦੀ ਮਜ਼ਬੂਰੀ ਨੂੰ ਸਮਝਦਾ ਸੀ। ਭਾਵੇਂ ਹੋਰ ਵੀ ਦੁਖੀ ਹੋਣਗੇ ਪਰ ਇਹ ਬਿਮਾਰ ਸਾਥੀ ਸੀ। ਮੈਂ ਪਰਮਜੀਤ ਤੇ ਦਰਸ਼ਨ ਨੂੰ ਕਿਹਾ,"ਜੇ ਨੀਂਦ ਨਹੀਂ ਆਉਂਦੀ ਤਾਂ ਚਲੋ ਬਾਹਰ ਲਾਅਨ ਵਿਚ ਘੁੰਮਦੇ ਹਾਂ।" ਕਿਉਂਕਿ ਗਰਿਫ਼ਤਾਰੀਆਂ ਜ਼ਿਆਦਾ ਹੋਣ ਕਰ ਕੇ ਬੈਰਕਾਂ ਦੇ ਦਰਵਾਜ਼ੇ ਖੁੱਲ੍ਹੇ ਕਰ ਦਿੱਤੇ ਸਨ। ਅਸੀਂ ਸਾਰੇ ਜਦੋਂ ਬਾਹਰ ਆ ਰਹੇ ਸਾਂ ਤਾਂ ਸਾਡੇ ਸਕੂਲ ਦਾ ਅਧਿਆਪਕ ਕੇਸਰ ਸਿੰਘ ਵੀ ਨਾਲ ਹੀ ਤੁਰ ਪਿਆ। ਦਰਸ਼ਨ ਜੋ ਕਦੇ ਬੀੜੀ ਸਿਗਰਟ ਘੱਟ ਹੀ ਪੀਂਦਾ ਸੀ,ਕੇਸਰ ਨੂੰ ਕਹਿੰਦਾ," ਲਿਆ ਬੀੜੀ, ਸਿਗਰਟ ਪਿਆ। "ਸਾਰਿਆਂ ਨੇ ਇੱਕ ਇੱਕ ਸਿਗਰਟ ਸੁਲਗਾਈ ਤੇ ਬਾਹਰ ਖੁੱਲ੍ਹੇ ਮੈਦਾਨ ਵਿਚ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ।


ਚੰਨ ਚਾਨਣੀ ਰਾਤ ਵਿਚ ਸਾਡੀ ਬੈਰਕ ਦੇ ਪਿੱਛੇ ਇੱਕ ਉੱਚੇ ਟਿੱਲੇ 'ਤੇ ਮੇਰੀ ਨਿਗ੍ਹਾ ਗਈ, ਜਿਸ ਨੂੰ ਮੈਂ ਪਾਣੀ ਦੀ ਟੈਂਕੀ ਸਮਝਦਾ ਸੀ। ਅਸਲ ਵਿਚ ਉਹ ਜੇਲ੍ਹ ਦੀ ਨਿਗਰਾਨੀ ਲਈ ਪੋਸਟ ਸੀ,ਜਿਸ 'ਤੇ ਇੱਕ ਸੰਤਰੀ ਡਿਊਟੀ ਦੇ ਰਿਹਾ ਸੀ। ਉਸ ਦੀਆਂ ਚੰਗਿਆੜਿਆਂ ਵਰਗੀਆਂ ਅੱਖਾਂ ਸਾਰੀ ਜੇਲ੍ਹ ਦੀ,ਹਰੇਕ ਗਤੀਵਿਧੀ ਨੂੰ ਨੋਟ ਕਰ ਰਹੀਆਂ ਸਨ। ਦੋ-ਤਿੰਨ ਹੋਰ ਦੂਜੇ ਜ਼ਿਲ੍ਹਿਆਂ ਦੇ ਅਧਿਆਪਕ ਸਾਥੀ ਵੀ ਸਾਡੇ ਵਾਂਗ ਸਤਾਏ ਹੋਏ ਬੈਰਕਾਂ ਦੇ ਬਾਹਰ ਗੇੜੇ ਮਾਰ ਰਹੇ ਸਨ। ਉਨ੍ਹਾਂ ਚੋਂ ਇੱਕ ਅਧਿਆਪਕ ਨੇ ਮੈਨੂੰ ਪਹਿਚਾਣ ਲਿਆ ਤੇ ਕਿਹਾ," ਜੱਸੀ ਭਾਅ ਜੀ, ਤੁਹਾਡਾ ਅੱਜ ਦਾ ਸਟੇਜ ਪ੍ਰੋਗਰਾਮ ਬੜਾ ਸੁਹਣਾ ਸੀ, ਕਿਹੜੇ ਸਕੂਲ 'ਚ ਪੜ੍ਹਾਉਂਦੇ ਹੋ ?" ਮੈ ਰਸਮੀ ਜਿਹੀ ਆਪਣੀ ਜਾਣ ਪਹਿਚਾਣ ਕਰਵਾਈ ਤੇ ਉਹਨਾਂ ਤੋਂ ਵਿਦਾ ਲਈ। ਇੱਕ ਵਜੇ ਸਾਡੀਆਂ ਅੱਖਾਂ 'ਚ ਨੀਂਦ ਭਾਰੂ ਹੋ ਗਈ ਸੀ। ਅਸੀਂ ਬੈਰਕ ਦੇ ਵਿਚ ਆ ਕੇ ਆਪਣੇ ਆਪਣੇ ਬਿਸਤਰਿਆਂ 'ਤੇ ਲੇਟ ਗਏ। ਜਦੋਂ ਸਵੇਰੇ ਅੱਖ਼ ਖੁੱਲ੍ਹੀ ਪਰਮਜੀਤ ਉਦੋਂ ਤੱਕ ਨਹਾ ਵੀ ਚੁੱਕਿਆ ਸੀ ।ਉਸ ਨੇ ਦੱਸਿਆ ਕਿ ਮੈਨੂੰ ਸਾਰੀ ਰਾਤ ਨੀਂਦ ਹੀ ਨਹੀਂ ਆਈ-ਦੁਪਹਿਰ ਦਾ ਖਾਣਾ ਖਾ ਕੇ ਸੌਂਵਾਂਗਾ।

ਜਸਪਾਲ ਜੱਸੀ



# ਮਿੰਨੀ ਕਹਾਣੀ ਕਿਰਦਾਰ

ਹਮੇਸ਼ਾ ਵਾਂਗ ਉਹ ਸਵੇਰੇ ਤਿੰਨ ਵਜੇ ਉਠਿਆ। ਇਸ਼ਨਾਨ ਕਰਕੇ ਧਰਮ ਅਸਥਾਨ 'ਤੇ ਗਿਆ। ਦਸ ਰੁਪੈ ਦਾ ਮੱਥਾ ਟੇਕਿਆ ਤੇ ਰਗੜਿਆ। ਬੋਲਿਆ-ਹੇ ਪਰਮਾਤਮਾ! ਮਨ ਦੀਆਂ ਮੁਰਾਦਾਂ ਪੂਰੀਆਂ ਕਰੀਂ। ਘਰ ਪਰਤਿਆ। ਰਾਤ ਦੇ ਬਚੇ ਹੋਏ ਮੀਟ ਨਾਲ ਨਾਸ਼ਤਾ ਕੀਤਾ। ਵਧੀਆ ਪਰੈਸ ਕੀਤਾ ਸੂਟ ਪਾਇਆ ਅਤੇ ਨਵਾਂ ਮੋਟਰਸਾਈਕਲ ਲੈ ਕੇ ਦਫਤਰ ਡੇਢ ਘੰਟਾ ਲੇਟ ਪਹੁਚਿਆ। ਦਫਤਰ ਦੇ ਮੁਖੀ ਨੂੰ ਹੱਥ ਜੋੜਕੇ ਪੂਰੇ ਅਦਬ ਨਾਲ ਸਲਾਮ ਕੀਤੀ ਤੇ ਆਪਣੀ ਕੁਰਸੀ



'ਤੇ ਆ ਕੇ ਬੈਠ ਗਿਆ । ਅਲਮਾਰੀ ਵਿੱਚੋਂ ਫਾਈਲਾਂ ਕੱਢਕੇ ਉਸ ਇੱਕ ਫਾਈਲ ਦੇ ਵਰਕੇ ਉਲਟਾਉਣੇ ਆਰੰਭ ਕੀਤੇ। ਮੋਬਾਇਲ ਮਾਲਾਇਆ--ਆ ਜਾਓ ਸਰਦਾਰ ਸਾਬ! ਤੁਹਾਡਾ ਕੇਸ ਮੈਂ ਸਟੱਡੀ ਕਰ ਲਿਐ। --ਹਾਂਅ! ਉਹ ਗੱਲ ਮੈਂ ਤੁਹਾਨੂੰ ਪਹਿਲਾਂ ਈ ਸਮਝਾ ਦਿੱਤੀ ਸੀ--ਪੰਜ ਪਹਿਲਾਂ, ਪੰਜ ਬਾਅਦ 'ਚ--ਸਾਡੇ ਵੀ ਕੁਛ ਅਸੂਲ ਨੇ ਸਰਦਾਰ ਬਹਾਦਰ! ਠੀਕੈ ਜੀ,ਓਕੇ!

ਸੁਖਮਿੰਦਰ ਸੇਖੋਂ
98145-07693

# ਏਹੁ ਹਮਾਰਾ ਜੀਵਣਾ ਹੈ -270

ਜੁੱਗ ਕੀ ਬਦਲਿਆ ਕਿ ਇੱਕੀਵੀਂ ਸਦੀ ਦੇ ਬਦਲਦੇ ਭੇਖ ਨੇ ਸਾਡੇ ਸਮਾਜ ਦਾ ਹਰ ਇੱਕ ਰੰਗ ਹੀ ਬਦਲ ਕੇ ਰੱਖ ਦਿੱਤਾ ਹੈ। ਅੱਜ ਦੇ ਮਨੁੱਖ ਦੇ ਪੈਦਾ ਹੋਣ ਤੋਂ ਲੈਕੇ ਬਚਪਨ,ਜਵਾਨੀ , ਪੜ੍ਹਾਈ,ਰਹਿਣ ਸਹਿਣ , ਪਹਿਰਾਵਾ,ਬੋਲੀ , ਪਰਿਵਾਰਾਂ ਦੇ ਢਾਂਚੇ ਮਤਲਬ ਕਿ ਪੂਰੀ ਦੀ ਪੂਰੀ ਜੀਵਨ ਸ਼ੈਲੀ ਵਿੱਚ ਹੀ ਬਦਲਾਅ ਆ ਗਿਆ ਹੈ। ਇਸ ਤੇਜ਼ੀ ਨਾਲ ਬਦਲਦੇ ਹੋਏ ਦੌਰ ਵਿੱਚ ਸਾਰੀਆਂ ਧਿਰਾਂ ਭਾਵ ਬਚਪਨ,ਜਵਾਨੀ ਅਤੇ ਬੁਢਾਪਾ ਸਾਰੇ ਹੀ ਸੰਘਰਸ਼ ਦੇ ਦੌਰ ਵਿੱਚੋਂ ਗੁਜ਼ਰਦੇ ਨਜ਼ਰ ਆ ਰਹੇ ਹਨ। ਸਾਰੇ ਪਾਸੇ ਮਾਰਾ- ਮਾਰ ਤੇ ਹਫੜਾ ਦਫੜੀ ਮੱਚੀ ਹੋਈ ਲੱਗਦੀ ਹੈ। ਦੇਖਿਆ ਜਾਵੇ ਤਾਂ ਬੱਚਾ ਨਰਸਰੀ ਜਮਾਤ ਤੋਂ ਲੈਕੇ ਜਵਾਨੀ ਵਿੱਚ ਘਰ ਵਸਾਉਣ ਤੱਕ,ਘਰ ਵਸਾਉਣ ਤੋਂ ਲੈਕੇ ਬੱਚਿਆਂ ਅਤੇ ਪਰਿਵਾਰਾਂ ਦੇ ਪਾਲਣ ਪੋਸ਼ਣ ਤੱਕ, ਫਿਰ ਉਹਨਾਂ ਦੇ ਭਵਿੱਖ ਅਤੇ ਆਪਣੇ ਬੁਢਾਪੇ ਦੌਰਾਨ ਹਰ ਕੋਈ ਸੰਘਰਸ਼ ਕਰਦਾ ਹੀ ਨਜ਼ਰ ਆ ਰਿਹਾ ਹੈ। ਅੱਜ ਦੀ ਜ਼ਿੰਦਗੀ ਦਾ ਸਭ ਤੋਂ ਦੁਖਦਾਈ ਪੱਖ ਇਕਹਿਰੇ ਤੋਂ ਵੀ ਟੁੱਟ ਚੁੱਕੇ ਅਧੂਰੇ ਰਹਿ ਗਏ ਪਰਿਵਾਰਾਂ ਕਾਰਨ ਅੱਜ ਦਾ ਬਚਪਨਾ ਲੁੱਟਿਆ ਜਾ ਰਿਹਾ ਹੈ,ਜਵਾਨੀ ਭਟਕ ਰਹੀ ਹੈ ਅਤੇ ਬੁਢਾਪਾ ਰੁਲ ਰਿਹਾ ਹੈ। ਜਿਹੜੀ ਉਮਰੇ ਦੁਨੀਆਂ ਦੀ ਸੁਧ ਬੁਧ ਆਉਣ ਲੱਗੇ , ਮਾਪਿਆਂ ਨਾਲ ਤੋਤਲੀਆਂ ਗੱਲਾਂ ਕਰਨੀਆਂ ਹੋਣ, ਮਾਂ ਦੀਆਂ ਲੋਰੀਆਂ ਵਿਚਲੇ ਭੁਲੇਖ਼ੇ ਪਾਉਂਦੇ ਨਵੇਂ ਨਵੇਂ ਅੱਖਰਾਂ ਨੂੰ ਜਾਨਣਾ, ਰਿਸ਼ਤਿਆਂ ਨੂੰ ਪਹਿਚਾਨਣਾ ਤੇ ਮਾਪਿਆਂ ਨਾਲ ਲਾਡ ਲਡਾਉਣ ਦੇ ਦਿਨ ਆਉਣ, ਨੰਨ੍ਹੇ ਪੈਰਾਂ ਨਾਲ ਤੁਰਦੇ ਤੁਰਦੇ ਆਪਣੇ ਪਿੱਛੇ ਸਾਰੇ ਟੱਬਰ ਨੂੰ ਭਜਾਈ ਫਿਰਨਾ, ਨਿੱਕੇ ਨਿੱਕੇ ਦੁੱਧ ਦੰਦਾਂ ਨਾਲ ਮਾਂ ਨਾਲ ਬੈਠ ਕੇ ਨਿੱਕੀਆਂ ਨਿੱਕੀਆਂ ਬੁਰਕੀਆਂ ਵਿੱਚੋਂ ਤਰ੍ਹਾਂ ਤਰ੍ਹਾਂ ਦੇ ਭੋਜਨਾਂ ਦੇ ਸਵਾਦ ਚਖਣਾ ਸਿੱਖਣਾ ਹੋਵੇ, ਉਸ ਉਮਰੇ ਹੱਥ ਵਿੱਚ ਮੋਬਾਇਲ ਫ਼ੋਨ ਫੜਾ ਕੇ ਉਹਨਾਂ ਨੂੰ ਰੁੱਝ ਜਾਣ ਲਈ ਇੱਕ ਖਿਡੌਣੇ ਵਜੋਂ ਦੇ ਦੇਣਾ, ਤਾਂ ਸੱਚ ਮੁੱਚ ਇਹ ਸਭ ਦੇਖ਼ ਕੇ ਲੱਗਦਾ ਹੈ ਕਿ ਬਚਪਨ ਲੁੱਟਿਆ ਜਾ ਰਿਹਾ ਹੈ। ਉਹ ਅੱਖਾਂ ਦੀ ਟਿਕਟਿਕੀ ਲਾ ਕੇ ਕਰੂੰਬਲਾਂ ਵਰਗੀਆਂ ਛੋਟੀਆਂ ਜਿਹੀਆਂ ਉਂਗਲਾਂ ਨਾਲ ਰੰਗ ਬਿਰੰਗੀਆਂ ਤਸਵੀਰਾਂ ਦੇਖ ਕੇ ਖੁਸ਼ ਹੁੰਦਾ ਹੋਇਆ ਉਸ ਵਿੱਚ ਐਨਾ ਗਵਾਚ ਜਾਂਦਾ ਹੈ ਕਿ ਉਸ ਦੇ ਨਾਲ ਹੀ ਉਸ ਦਾ



**ਬਰਜਿੰਦਰ ਕੌਰ ਬਿਸਰਾਓ**
**9988901324**

ਬਚਪਨ ਵੀ ਗੁੰਮ ਹੋ ਜਾਂਦਾ ਹੈ । ਕਹਿੰਦੇ ਹਨ ਕਿ ਕਿਸੇ ਘਰ ਦੀ ਮਜ਼ਬੂਤੀ ਲਈ ਉਸ ਦੀ ਨੀਂਹ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ । ਇਸੇ ਤਰ੍ਹਾਂ ਬਚਪਨ ਦਾ ਸਮਾਂ ਵੀ ਹਰ ਮਨੁੱਖ ਦੀ ਜ਼ਿੰਦਗੀ ਦੀ ਨੀਂਹ ਦਾ ਕੰਮ ਕਰਦਾ ਹੈ। ਬਚਪਨ ਰੂਪੀ ਨੀਂਹ ਨੂੰ ਮਜ਼ਬੂਤ ਬਣਾਉਣ ਲਈ ਮਾਪਿਆਂ ਦੀ ਨਿਗਰਾਨੀ ਹੇਠ ਵਧਣਾ ਬਹੁਤ ਜ਼ਰੂਰੀ ਹੁੰਦਾ ਹੈ ਪਰ ਟੁੱਟ ਰਹੀਆਂ ਪਰਿਵਾਰਿਕ ਸਾਂਝਾਂ, ਬਹੁਤੇ ਪੜ੍ਹੇ ਲਿਖੇ ਮਾਪਿਆਂ ਦੇ ਵਿਚਾਰਾਂ ਦੀ ਆਪਸੀ ਅਸਹਿਮਤੀ ਅਤੇ ਨਵੀਆਂ ਨਵੀਆਂ ਤਕਨੀਕਾਂ ਅਤੇ ਸੁੱਖ ਸਹੂਲਤਾਂ ਨੂੰ ਹੀ ਵਧੀਆ ਪਾਲਣ ਪੋਸ਼ਣ ਸਮਝ ਲੈਣਾ, ਮਾਤਾ ਪਿਤਾ ਦੋਵਾਂ ਦਾ ਕੰਮ ਕਾਜੀ ਹੋਣਾ, ਬੱਚਿਆਂ ਦੀ ਸੁਰਤ ਸੰਭਾਲਦਿਆਂ ਹੀ ਨੌਕਰਾਣੀਆਂ ਜਾਂ ਸੁੱਖ ਸਹੂਲਤਾਂ ਨਾਲ਼ ਭਰਪੂਰ ਛੋਟੇ ਬੱਚਿਆਂ ਵਾਲ਼ੇ ਸਕੂਲਾਂ ਵਿੱਚ ਭੇਜ ਕੇ ਉਸਾਰਿਆ ਗਿਆ ਬਚਪਨ ਕਿੰਨਾ ਖੋਖਲਾ ਹੁੰਦਾ ਹੈ ਜਿਸ ਵਿੱਚ ਸਿਰਫ਼ ਦੂਜਿਆਂ ਦੁਆਰਾ ਦਿੱਤੀ ਟ੍ਰੇਨਿੰਗ ਹੀ ਉਸ ਦੀ ਜ਼ਿੰਦਗੀ ਦੀ ਨੀਂਹ ਉਸਾਰਦੀ ਹੈ। ਇਸ ਵਿਚਾਰਧਾਰਾ 'ਤੇ ਅਧਾਰਿਤ ਹੀ ਬੱਚਾ ਸਕੂਲੀ ਸਮਾਂ ਅਤੇ ਸਿੱਖਿਆ ਹਾਸਲ ਕਰਨ ਵਾਲਾ ਜੀਵਨ ਬਤੀਤ ਕਰਦਾ ਹੈ ਜਿਸ ਵਿੱਚ ਮਾਪਿਆਂ ਤੋਂ ਵੱਧ ਮਾਪਿਆਂ ਦੇ ਪੈਸੇ ਦਾ ਯੋਗਦਾਨ ਹੁੰਦਾ ਹੈ। ਉਹਨਾਂ ਦੀ ਅਪਣੱਤ , ਭਾਵਨਾਵਾਂ, ਪਿਆਰ ਤੋਂ ਸੱਖਣਾ ਪਲਿਆ ਬਚਪਨ ਜਦ ਜਵਾਨੀ ਵਿੱਚ ਪਹੁੰਚਦਾ ਹੈ ਤਾਂ ਮਾਪਿਆਂ ਨੂੰ ਉਹਨਾਂ ਕੋਲੋਂ ਸਮਾਂ ਚਾਹੀਦਾ ਹੁੰਦਾ ਹੈ ਪਰ ਉਹ ਓਪਰ ਦੁਨੀਆ ਵਿੱਚ ਐਨੇ ਮਸਤ ਹੋ ਜਾਂਦੇ ਹਨ ਕਿ ਉਨ੍ਹਾਂ ਲਈ ਪਰਿਵਾਰ ਵਿੱਚ ਬੈਠਣਾ ਇੱਕ ਕੈਦ ਲੱਗਦੀ ਹੈ, ਵਾਰ ਵਾਰ ਮਾਪਿਆਂ ਦੀ ਕੀਤੀ ਦਖਲ ਅੰਦਾਜੀ ਇੱਕ ਬੋਝ ਅਤੇ ਬੰਦਿਸ਼ ਲੱਗਦੀ ਹੈ। ਉਹ ਆਪਣੇ ਅਤੇ ਆਪਣੇ ਦੁਆਰਾ ਸਿਰਜੇ ਮਾਹੌਲ ਵਿੱਚ ਕਿੱਧਰ ਨੂੰ ਵਧਦਾ ਹੈ ਇਹ ਉਸ ਉੱਤੇ ਹੀ ਨਿਰਭਰ ਕਰਦਾ ਹੈ। ਅੱਜ ਦੀ ਜਵਾਨੀ ਨਸ਼ਿਆਂ, ਲੁੱਟਾਂ ਖੋਹਾਂ ਜਾਂ ਹੋਰ ਅਨੇਕਾਂ ਭੈੜੀਆਂ ਆਦਤਾਂ ਦੇ ਦਲਦਲ ਵਿੱਚ ਅਜਿਹੀ ਫਸਦੀ ਹੈ ਕਿ ਉਸ ਨੂੰ ਉੱਥੋਂ ਵਾਪਸ ਕੱਢਣਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਜੇ ਆਉਣ ਵਾਲੀਆਂ ਪੀੜ੍ਹੀਆਂ ਦੀ ਜਵਾਨੀ ਨੂੰ ਸੰਭਾਲਣਾ ਹੈ ਤਾਂ ਪਹਿਲਾਂ ਬਚਪਨ ਨੂੰ ਸੰਭਾਲਣਾ ਜ਼ਰੂਰੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਨੀਂਹ ਮਜ਼ਬੂਤ ਹੋ ਸਕੇ ਕਿਉਂਕਿ ਅਸਲ ਵਿੱਚ ਏਹੁ ਹਮਾਰਾ ਜੀਵਣਾ ਹੈ।

# ਅੰਦਰ ਤੇਰੇ ਬੋਲ ਰਿਹਾ

ਕਰਦੀਆਂ ਨੇ ਪ੍ਰਭਾਵਿਤ ਚੀਜ਼ਾਂ ਇੱਕ ਦੂਜੇ ਨੂੰ ਖਿੱਚ ਦੀਆਂ
ਬੜੀਆਂ ਡੂੰਘੀਆਂ ਮਰਜਾਂ ਨੇ ਚਿੱਤ ਦੀਆਂ ਤੇਰੇ ਵਿੱਚ ਦੀਆਂ
ਹੋਰ ਜੂਨਾਂ ਦੇ ਨਾਲ਼ ਨਾ ਚੰਗਾ ਤੇਰਾ ਧਰਤ ਤੇ ਘੋਲ਼ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਕਿਰਤ ਕਰਨ ਤੇ ਵੰਡ ਛਕਣ ਲਈ ਦਿੱਤਾ ਜਨਮ ਮਨੁੱਖਾਂ ਨੂੰ
ਨਾ ਸਾਗਰ ਨਾ ਜੰਗਲ ਛੱਡੇ ਬਾਝ ਤੂੰ ਕਰਤਾ ਕੁੱਖਾਂ ਨੂੰ
ਜੱਗ ਜਨਨੀ ਦੀ ਇੱਜਤ ਨੂੰ ਵੀ ਵਿੱਚ ਬਜਾਰ ਦੇ ਰੋਲ਼ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ,ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਵੱਡੇ ਵੱਡੇ ਦਾਨਵ ਘੁੰਮਣ ਜੋ'ਹਰ ਚੀਜ ਡਕਾਰ ਗਏ
ਪੰਜ ਤੱਤਾਂ ਦੇ ਪੁਤਲੇ ਨੇ ਜੋ ਹੱਦੋਂ ਵੱਧ ਹੰਕਾਰ ਗਏ
ਮੈਂ ਦੇ ਝੇੜੇ ਵਿੱਚ ਪੈ ਕੇ ਕਿਉਂ ਮੁੱਖੋਂ ਬੋਲ ਕੁਬੋਲ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ

ਹੱਥੀਂ ਕਰਨਾ ਘਾਣ ਤੂੰ ਇੱਕ ਦਿਨ ਅਪਣੀ ਹੀ ਬਰਬਾਦੀ ਦਾ
ਧੰਨਿਆਂ ਹੋਰਾਂ ਨੂੰ ਨਾ ਮਾਨਣ ਦਿੱਤਾ ਨਿੱਘ ਅਜਾਦੀ ਦਾ
ਵੇਖ ਸੁਨਾਮੀ ਅੰਧੀ ਝੱਖੜ ਕਿਉਂ ਕਰਨੀ ਤੇ ਡੋਲ ਰਿਹਾ
ਜਿਸ ਦੀ ਕੁਦਰਤ ਦੇ ਨਾਲ਼ ਬੰਦਿਆ ਕਰ ਤੂੰ ਹੁਣ ਕਲੋਲ ਰਿਹਾ
ਅੰਦਰੋਂ ਲੱਭ ਲੈ ਲੱਭ ਸਕਨੈਂ ਰੱਬ ਅੰਦਰ ਤੇਰੇ ਬੋਲ ਰਿਹਾ




**ਧੰਨਾ ਧਾਲੀਵਾਲ਼**

# ਆਪਣੇ ਆਪ ਨੂੰ ਬਦਲੋ

ਚਲਦੇ ਰਹਿਣਾ ਹੀ ਜ਼ਿੰਦਗੀ ਹੈ। ਹਮੇਸ਼ਾ ਸਕਰਾਤਕ ਸੋਚ ਨਾਲ ਹੀ ਜ਼ਿੰਦਗੀ ਦਾ ਸਫ਼ਰ ਤੈਅ ਹੁੰਦਾ ਹੈ। ਨਕਰਾਤਮਕ ਵਿਚਾਰਾਂ ਨਾਲ ਅਸੀਂ ਖੁਸ਼ਹਾਲ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਾਂ। ਹਮੇਸ਼ਾ ਚੰਗੀ ਸੋਚ ਰੱਖੋ ।ਸਮੇਂ ਦੇ ਮੁਤਾਬਕ ਆਪਣੇ ਆਪ ਨੂੰ ਬਦਲੋ। ਬਦਲਣ ਦੀ ਕੋਈ ਵੀ ਉਮਰ ਨਹੀਂ ਹੁੰਦੀ। ਦ੍ਰਿੜ ਇੱਛਾ ਸ਼ਕਤੀ ਨਾਲ ਹੀ ਬਦਲਿਆ ਜਾ ਸਕਦਾ ਹੈ। ਜੇਕਰ ਸਾਡਾ ਦ੍ਰਿੜ ਵਿਸ਼ਵਾਸ ਹੁੰਦਾ ਹੈ ਤਾਂ ਸਾਡੇ ਕੰਮ ਵਿੱਚ ਪਰਮਾਤਮਾ ਵੀ ਸਹਾਈ ਹੁੰਦਾ ਹੈ। ਅਕਸਰ ਕਹਿੰਦੇ ਵੀ ਹਨ ਕਿ ਜੇ ਪਾਣੀ ਇੱਕ ਜਗ੍ਹਾ ਖੜਾ ਹੋ ਜਾਵੇ, ਤਾਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ। ਦ੍ਰਿੜ੍ਹ ਵਿਸ਼ਵਾਸ, ਇਰਾਦਿਆਂ, ਸਕਰਾਤਮਕ ਸੋਚ ਨਾਲ ਕੀ ਨਹੀਂ ਹੋ ਸਕਦਾ? ਮੰਜ਼ਲਿ ਸਰ ਹੋ ਜਾਂਦੀ ਹੈ। ਸਾਡੇ ਸਾਹਮਣੇ ਅਜਿਹੀਆਂ ਬਹੁਤ ਮਿਸਾਲਾਂ ਹਨ, ਜੋ ਦ੍ਰਿੜ ਵਿਸ਼ਵਾਸ਼ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕਰਦੀਆਂ ਹਨ। ਹਮੇਸ਼ਾ ਵਧੀਆ ਵਿਚਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇ ਸਾਡੇ ਵਿਚਾਰ ਵਧੀਆ ਹਨ ,ਸੋਚ ਵਧੀਆ ਹੈ ਤਾਂ ਅਸੀਂ ਦੂਜਿਆਂ ਨੂੰ ਵੀ ਹੱਲਾਸ਼ੇਰੀ ਦੇ ਕੇ ਸਕਾਰਾਤਮਕ ਸੋਚ ਨਾਲ ਕੋਈ ਵੀ ਕੰਮ ਕਰਵਾ ਸਕਦੇ ਹਾਂ। ਅਸੀਂ ਪਹਿਲਾਂ ਖੁਦ ਨੂੰ ਬਦਲਣਾ ਹੈ। ਹਮੇਸ਼ਾ ਕੋਈ ਵੀ ਚੰਗਾ ਕੰਮ ਕਰਨਾ ਹੁੰਦਾ ਹੈ ਤਾਂ ਉਹ ਆਪਣੇ ਪਰਿਵਾਰ ਤੋਂ ਹੀ ਸ਼ੁਰੂ ਹੁੰਦਾ ਹੈ। ਆਪਣੇ ਤੋਂ ਸ਼ੁਰੂ ਹੁੰਦਾ ਹੈ। ਪਰ ਜੇ ਸਾਡੀ ਸੋਚ ਨਕਰ-ਾਤਮਕ ਹੈ ਤਾਂ ਹੁੰਦੇ ਹੋਏ ਕੰਮ ਵੀ ਵਿਗੜ ਜਾਂਦੇ ਹਨ। ਕਈ ਵਾਰ ਹਾਲਾਤ ਇੱਦਾਂ ਦੇ ਹੁੰਦੇ ਹਨ ਕਿ ਉੱਥੇ ਨਕਾਰਾਤਮਕ ਵਿਚਾਰ ਜ਼ਿਆਦਾ ਹੁੰਦੇ ਹਨ। ਪਰ ਜੇ ਅਜਿਹੀ ਹਾਲਤ ਵਿਚ ਕੋਈ ਸਕਰ-ਾਤਮਕ ਸੋਚ ਵਾਲਾ ਇਨਸਾਨ ਆ ਜਾਂਦਾ ਹੈ ਤਾਂ ਉਥੇ ਬਹੁਤ ਵਧੀਆ ਮਾਹੌਲ ਸਿਰਜ ਜਾਂਦਾ ਹੈ। ਜੇ ਅਸੀਂ ਚੰਗਾ ਸੋਚਦੇ ਹਾਂ ਸਾਡੇ ਦਿਮਾਗ ਵਿਚ ਚੰਗੇ ਵਿਚਾਰ ਆਉਂਦੇ ਹਨ ਤਾਂ ਜੋ ਦੂਜਾ ਇਨਸਾਨ ਸਾਡੇ ਕੋਲ ਹੁੰਦਾ ਹੈ ਉਸ ਵਿੱਚ ਵੀ ਸਕਰਾਤਮਕ ਸੋਚ ਬਹੁਤ ਅਸਰ ਪਾਉਂਦੀ ਹੈ।

ਉਮਰ ਦੇ ਹਿਸਾਬ ਨਾਲ ਇਨਸਾਨ ਨੂੰ ਢੱਲ ਜਾਣਾ ਚਾਹੀਦਾ ਹੈ। ਇਹ ਨਹੀਂ ਹੁੰਦਾ ਕਿ ਸਾਰੀ ਉਮਰ ਇੰਨਸਾਨ ਇੱਕੋ ਜਿਹਾ ਰਹੇਗਾ। ਦੁੱਖ ਸੁੱਖ ਆਉਦੇ ਹੀ ਰਹਿੰਦੇ ਹਨ। ਦੁੱਖ ਸੁੱਖ ਸਦਾ ਸਹਾਈ ਨਹੀਂ ਰਹਿੰਦੇ। ਜ਼ਿੰਦਗੀ ਦਾ ਸਫ਼ਰ ਤੈਅ ਕਰਦਾ ਇਨਸਾਨ ਚੰਗੇ-ਮਾੜੇ ਸਮੇਂ ਵਿੱਚੋਂ ਲੰਘਦਾ ਹੈ। ਜੇ ਸਮਾਂ ਰਹਿੰਦਿਆਂ ਅਸੀਂ ਬਦਲ ਗਏ, ਤਾਂ ਸਮਝੋ ਜਿੰਦਗੀ ਬਦਲ ਗਈ। ਜੇ ਬੱਚਿਆਂ ਦੀ ਗੱਲ ਕਰੀਏ ਤਾਂ ਅਸੀਂ ਉਨ੍ਹਾਂ ਨੂੰ ਦੱਸਦੇ ਹਨ ਕਿ ਫਲਾਣਾ ਬੱਚਾ ਬਹੁਤ ਵਧੀਆ ਹੈ। ਉਹ ਪੜ੍ਹਾਈ ਵਿੱਚ ਹੁਸ਼ਿਆਰ ਹੈ। ਤੁਸੀਂ ਉਸ ਬੱਚੇ ਵਰਗੇ ਬਣੋ। ਅੱਜ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਘਰ ਤਬਾਹ ਹੋ ਚੁਕੇ ਹਨ। ਜੇ ਘਰਦਾ ਮੁੱਖੀ ਬਿਲਕੁਲ ਸਹੀ ਹੈ ,ਕੋਈ ਨਸ਼ਾ ਨਹੀਂ ਕਰਦਾ ।ਤਾਂ ਉਹ ਬੱਚਿਆਂ ਨੂੰ ਸਹੀ ਸੇਧ ਦੇ ਸਕਦਾ ਹੈ। ਆਪਣੇ ਆਪ ਵਿੱਚ ਬਦਲਾਅ ਲਿਆਉਣ ਲਈ ਜ਼ਿਆਦਾ ਕੁੱਝ ਬਦਲਣ ਦੀ ਜ਼ਰੂਰਤ ਨਹੀਂ ਹੁੰਦੀ। ਆਪਣੇ ਆਲੇ-ਦੁਆਲੇ ਝਾਤੀ ਮਾਰੋ। ਦੁਨੀਆਂ ਨੇ ਚੰਨ ਤੇ ਰਜਿਸਟਰੀ ਕਰਵਾ ਲਈ ਹੈ। ਸਾਇੰਸ ਤੇ ਟੈਕਨੋਲੋਜੀ ਦਾ ਜ਼ਮਾਨਾ ਹੈ। ਸਾਨੂੰ ਆਪਣੇ ਆਪ ਨੂੰ ਅੰਦਰੋਂ ਬਦਲਣਾ ਪਵੇਗਾ। ਦਿਖਾਵੇ ਦੀ ਜ਼ਰੂਰਤ ਨਹੀਂ ਹੈ।

ਜੇ ਅਸੀਂ ਆਪਣੇ ਆਪ ਨੂੰ ਬਦਲਾਂਗੇ ,ਤਾਂ ਦੁਨੀਆਂ ਆਪਣੇ-ਆਪ ਬਦਲ ਜਾਵੇਗੀ। ਕਦੇ ਵੀ ਕਿਸੇ ਦੀਆਂ ਕਮੀਆਂ ਨੂੰ ਉਜਾਗਰ ਨਾ ਕਰੋ। ਕਦੀ ਵੀ ਕਿਸੇ ਇਨਸਾਨ ਵਿੱਚ ਕਮੀਆਂ ਨਾ ਕੱਢੋ। ਇਹ ਨਾ ਸੋਚੋ ਕਿ ਇਹ ਇਨਸਾਨ ਕੁੱਝ ਨਹੀਂ ਕਰ ਸਕਦਾ । ਉਦਾਹਰਣ ਦੇ ਤੌਰ ਤੇ ਬੰਦ ਪਈ ਘੜੀ ਵੀ ਦਿਨ ਵਿੱਚ ਦੋ ਵਾਰ ਸਹੀ ਸਮਾਂ ਦੱਸਦੀ ਹੈ।ਆਪਣੇ ਆਪ ਨੂੰ ਬਦਲਣ ਲਈ ਕਿਤੇ ਵੀ ਜਾਣ ਦੀ ਜ਼ਰੂਰਤ ਨਹੀਂ , ਸਮੇਂ ਦੀ ਸਹੀ ਵਰਤੋਂ ਕਰਦੇ ਹੋਏ ਆਪਣੀਆਂ ਆਦਤਾਂ ਨੂੰ ਬਦਲੀਏ।ਜੇ ਕੋਈ ਕਮੀਂ ਹੈ ਤਾਂ ਉਸਨੂੰ ਸੁਧਾਰੀਏ। ਚੇਤੇ ਕਰਵਾ ਦੇਈਏ ਕਿ ਜੋ ਇਨਸਾਨ ਸਮੇਂ ਦੇ ਮੁਤਾਬਕ ਚਲਦਾ ਰਹਿੰਦਾ ਹੈ ਸਮਾਂ ਉਸ ਦੀ ਸਮਾਜ ਵਿਚ ਬੱਲੇ-ਬੱਲੇ ਬਹੁਤ ਕਰਵਾਉਂਦਾ ਹੈ। ਪਰਿਵਾਰਾਂ ਵਿੱਚ ਇੱਕ ਦੂਜੇ ਦੇ ਮੁਤਾਬਕ ਚੱਲੋ। ਤਾਂ ਜੋ ਅਸੀਂ ਹੋਰਨਾਂ ਲਈ ਪ੍ਰੇਰਣਾ ਸਰੋਤ ਬਣੀਏ।



**ਸੰਜੀਵ ਸਿੰਘ ਸੈਣੀ**
**ਮੋਹਾਲੀ**
**7888966168**

# ਚੋਣ ਪ੍ਰਚਾਰ



ਚੋਣਾਂ ਆਉਂਦੀਆਂ ਹਨ ਤਾਂ ਸਾਰੇ ਭਾਰਤ ਵਿਚ ਗਹਿਮਾ-ਗਹਿਮੀ ਹੋ ਜਾਂਦੀ ਹੈ । ਪਾਰਟੀਆਂ ਦੇ ਲੀਡਰ ਦੇਸ਼ ਦੇ ਕੋਣੇ ਕੋਣੇ ਵਿਚ ਜਾਕੇ ਚੋਣ ਪ੍ਰਚਾਰ ਕਰਦੇ ਹੋਏ ਪੁਰਾਣੀਆਂ ਗੱਲਾਂ ਦੁਹਰਾਕੇ ਇਕ ਦੂਜੇ ਨੂੰ ਨੀਂਵਾਂ ਦਰਸ਼ਾਉਣ ਦੀ ਹਰ ਸੰਭਵ ਕੋਸ਼ਿਸ ਕਰਦੇ ਹਨ । ਪਾਰਟੀਆਂ ਨੂੰ ਹੋਰ ਮੁੱਦਾ ਨਹੀਂ ਮਿਲਦਾ ਤਾਂ ਮਹਿੰਗਾਈ ਦਾ ਬਹਾਨਾ ਬਣਾਕੇ ਜਲਸੇ-ਜਲੂਸ ਕੱਢਦੀਆਂ ਹਨ ਤੇ ਬੰਦ ਦਾ ਐਲਾਨ ਕਰ ਦਿੰਦੀਆਂ ਹਨ ਜਿਹੜੇ ਬੰਦੇ ਦੁਕਾਨਾਂ ਨਹੀਂ ਬੰਦ ਕਰਦੇ ਉਨ੍ਹਾਂ ਦੀਆਂ ਦੁਕਾਨਾਂ ਦੀ ਭੰਨ ਤੋੜ ਤੋਂ ਅਲਾਵਾ ਪਾਰਟੀ ਦੇ ਵਰਕਰ ਦੁਕਾਨਾਂ ਦੇ ਮਾਲਕਾਂ ਨੂੰ ਭੀ ਕੁਟਾਪਾ ਚਾੜ੍ਹਦੇ ਹਨ । ਚੋਣਾਂ ਤੋਂ ਪਹਿਲਾਂ ਲੀਡਰ ਲੜ ਭੀ ਪੈਂਦੇ ਹਨ ਤੇ ਪਾਰਟੀਆਂ ਦੇ ਕਾਮੇ ਭੀ ਘੱਟ ਨਹੀਂ ਗੁਜਾਰਦੇ ਉਹ ਭੀ ਇਕ ਦੂਜੇ ਨਾਲ ਡਾਂਗੋ-ਸੋਟੀ ਹੋ ਜਾਂਦੇ ਹਨ ਤੇ ਫੇਰ ਕਈ ਹਸਪਤਾਲ ਭੀ ਪਹੁੰਚ ਜਾਂਦੇ ਹਨ, ਤੇ ਲੀਡਰ ਹਰ ਗੱਲ ਦਾ ਦੋਸ਼ ਦੂਜੀ ਪਾਰਟੀ ਨੂੰ ਦਿੰਦੇ ਹਨ, ਪਾਰਟੀ ਵੱਲੋਂ ਟਿਕਟ ਨਾਂ ਮਿਲਣ ਕਰਕੇ ਯਾ ਤਾਂ ਇਹ ਲੋਕ ਆਜਾਦ ਉਮੀਦਵਾਰ ਵਜੋਂ ਖੜੇ ਹੋ ਜਾਂਦੇ ਹਨ ਤੇ ਯਾ ਆਪਣੀ ਵੱਖਰੀ ਪਾਰਟੀ ਬਣਾ ਲੈਂਦੇ ਹਨ ਨਾਂ ਤਾਂ ਇਨ੍ਹਾਂ ਲੋਕਾਂ ਨੂੰ ਜਨਤਾ ਨਾਲ ਕੋਈ ਸਰੋਕਾਰ ਹੁੰਦਾ ਹੈ ਤੇ ਨਾਂ ਇਹ ਲੋਕ ਆਪਣੀ ਪਾਰਟੀ ਦੇ ਵਫਾਦਾਰ ਹੁੰਦੇ ਹਨ, ਜੇ ਕੋਈ ਪਤੱਰਕਾਰ ਉਨ੍ਹਾਂ ਦੇ ਅਲੱਗ ਹੋਣ ਦਾ ਕਾਰਣ ਪੁੱਛ ਲੈਂਦਾ ਹੈ ਤਾਂ ਇਹ ਜਵਾਬ ਦਿੰਦੇ ਹੋਏ ਕਹਿਣਗੇ ਜੀ ਮੈਂ ਪਿਛਲੇ ਤੀਹ ਸਾਲਾਂ ਤੋਂ ਪਾਰਟੀ ਅਤੇ ਜਨਤਾ ਦੀ ਸੇਵਾ ਕਰਦਾ ਆ ਰਿਹਾ ਹਾਂ ਪਾਰਟੀ ਨੇ ਮੇਰੀ ਸੇਵਾ ਦਾ ਕੋਈ ਮੁੱਲ ਨਹੀਂ ਪਾਇਆ, ਇਨ੍ਹਾਂ ਲੋਕਾਂ ਨੂੰ ਭਲਾ ਕੋਈ ਪੁੱਛਣ ਵਾਲਾ ਹੋਵੇ ਪਹਿਲਾਂ ਇਕ ਦੋ ਚੋਣਾਂ ਜਿੱਤਕੇ ਘੁਟਾਲਿਆਂ ਵਿਚ ਬਹੁਤ ਪੈਸਾ ਬਣਾ ਲਿਆ ਤੁਹਾਡੇ ਤੇ ਕਈ ਕੇਸ ਚੱਲ ਰਹੇ ਹਨ ਨਾਲੇ ਤਹਾਡੀਆਂ ਕਬਰ ਵਿਚ ਲੱਤਾਂ ਹਨ ,ਮੇਰੇ ਕਹਿਣ ਦਾ ਭਾਵ ਹੈ ਕਿ ਅੱਸੀਆਂ-ਪਚਾਸੀਆਂ ਦੇ ਹੋ ਗਏ ਹੋ ਹੁਣ ਜਵਾਨਾਂ ਨੂੰ ਅੱਗੇ ਆਉਣ ਦਿਉ,ਤੇ ਕਹਿਣਗੇ ਨਹੀਂ ਜੀ ਪਾਰਟੀ ਨੂੰ ਕੋਈ ਬਹਾਨਾ ਚਾਹੀਦਾ ਸੀ ਮੈਨੂੰ ਪਾਰਟੀ ਚੋਂ ਕੱਢਣ ਵਾਸਤੇ ਮੇਰੇ ਤੇ ਕੇਸ ਪਾ ਦਿੱਤੇ । ਲੀਡਰ ਧਰਮ, ਜਾਤ- ਪਾਤ, ਰਿਸ਼ਵਤ, ਸ਼ਰਾਬ, ਭੁੱਕੀ, ਝੂਠੇ ਵਾਅਦੇ ਅਤੇ ਜਗ੍ਹਾ ਜਗ੍ਹਾ ਤੇ ਨੀਂਅ ਪੱਥਰ ਰੱਖਦੇ ਹਨ, ਗੱਲ ਕੀ ਜੀ ਚੋਣ ਜਿੱਤਣ ਵਾਸਤੇ ਇਹ ਲੋਕ ਹਰ ਦਾਅ ਵਰਤਦੇ ਹਨ,ਇਹ ਚਾਹੁੰਦੇ ਹਨ ਇਕ ਵਾਰੀ ਚੋਣ ਜਿੱਤਕੇ ਲੋਕ ਸਭਾ ਵਿਚ ਚਲੇ ਜਾਈਏ ਫੇਰ ਪੰਜਾਂ ਸਾਲਾਂ ਵਿਚ ਨਾ ਕੇਵਲ ਚੋਣ ਵਿਚ ਲੱਗੇ ਹੋਏ ਪੈਸੇ ਹੀ ਵਸੂਲ ਕਰਾਂਗੇ ਬਲਕਿ ਆਪਣੀਆਂ ਆਉਣ ਵਾਲੀਆਂ ਪੰਜ ਪੀੜ੍ਹੀਆਂ ਵਾਸਤੇ ਭੀ ਪੈਸਾ ਇਕੱਠਾ ਕਰ ਲਵਾਂਗੇ । ਕਈ ਵਾਰੀ ਇਹ ਲੀਡਰ ਇਕ ਦਿਨ ਇਕ ਬਿਆਨ ਦਿੰਦੇ ਹਨ ਅਤੇ ਦੂਜੇ ਦਿਨ ਬਿਲਕੁਲ ਹੀ ਮੁੱਕਰ ਜਾਂਦੇ ਹਨ ਕਹਿਣਗੇ ਮੈਂ ਇਹ ਗੱਲ ਬਿਲਕੁਲ ਹੀ ਨਹੀਂ ਸੀ ਕਹੀ, ਮੇਰੀ ਕਹੀ ਹੋਈ ਗੱਲ ਦਾ ਗਲਤ ਮਤਲਬ ਕੱਢਿਆ ਜਾ ਰਿਹਾ ਹੈੈ, ਤੇ ਕਈ ਵਾਰੀ ਮੀਡੀਆ ਭੀ ਅੱਗ ਤੇ ਫੂਸ ਪਾਉਣ ਦਾ ਕੰਮ ਕਰਦਾ ਹੈ,ਜਦੋਂ ਇਹ ਲੋਕ ਜਿੱਤ ਜਾਂਦੇ ਹਨ ਤਾਂ ਇਹ ਲੋਕ ਜਨਤਾ ਨੂੰ ਮੂੰਹ ਨਹੀਂ ਦਖਾਉਂਦੇ, ਤੇ ਯਾ ਫੇਰ ਇਨ੍ਹਾਂ ਲੋਕਾਂ ਨੇ ਇੰਨੀ ਹੇਰਾ ਫੇਰੀ ਕੀਤੀ ਹੁੰਦੀ ਹੈ ਉਹ ਮੂੰਹ ਦਖਾਉਣ ਜੋਗੇ ਨਹੀਂ ਰੰਹਿਦੇ । ਚੋਣਾ ਨੇੜੇ ਆ ਰਹੀਆਂ ਸਨ ਨੇਤਾ ਜਗ੍ਹਾ ਜਗ੍ਹਾ ਤੇ ਭਾਸ਼ਣ ਦੇ ਰਹੇ ਸਨ, ਅਸੀਂ ਬਹੁਤੇ ਨੇਤਾਵਾਂ ਦੇ ਭਾਸਣ ਤਾਂ ਨਹੀਂ ਸੁਣ ਸਕੇ, ਪਰ ਚਾਰ ਨੇਤਾਵਾਂ ਦੇ ਦਿੱਤੇ ਹੋਏ ਭਾਸ਼ਣ ਤੁਹਾਡੇ ਨਾਲ ਸਾਂਝੇ ਕਰਦੇ ਹਾਂ । ਨੇਤਾ ਨੰਬਰ ਇਕ ਦਾ ਭਾਸ਼ਨ (ਪੜ੍ਹੋ ) ਸੁਣੋ । ਜਿੱਥੇ ਇਹ ਨੇਤਾ ਭਾਸ਼ਣ ਦੇਣ ਗਏ ਹੋਏ ਸਨ ਉਥੇ ਹਜਾਰਾਂ ਦੀ ਗਿਣਤੀ ਵਿਚ ਲੋਕ ਆਏ ਹੋਏ ਸਨ । ਪਹਿਲਾਂ ਤਾਂ ਸਭ ਨੇ ਸੋਚਿਆ ਇਹ ਨੇਤਾ ਤਾਂ ਬੜਾ ਹੀ ਹਰਮਨ ਪਿਆਰਾ ਹੈ, ਜਿਸਦਾ ਭਾਸ਼ਣ ਸੁਣਨ ਲਈ ਇੰਨੇ ਲੋਕਾਂ ਦਾ ਇੱਕਠ ਹੈ,ਪਰ ਬਾਅਦ ਵਿਚ ਪਤਾ ਲੱਗਿਆ ਇਹ ਸਭ ਲੋਕ ਦੂਸਰੀਆਂ ਪਾਰਟੀਆਂ ਦਾ ਹੌਂਸਲਾ ਡੇਗਣ ਵਾਸਤੇ ਕਿਰਾਏ ਤੇ ਲਿਆਂਦੇ ਹੋਏ ਬੰਦੇ ਹਨ ।ਖ਼ੈਰ ਨੇਤਾ ਜੀ ਨੇ ਆਪਣਾ ਭਾਸ਼ਣ ਅਰੰਭ ਕਰਦੇ ਹੋਏ ਕਿਹਾ, ਭੈਣੋਂ ਤੇ ਭਰਾਵੋ ਮੈਂ ਇੱਥੇ ਕੀ ਭਾਸ਼ਣ ਦੇਵਾਂ ਇੱਥੇ ਤਾਂ ਸਾਰੇ ਹੀ ਗਧੇ ਇਕੱਠੇ ਹੋਏ ਵੇ ਹਨ ।ਇਕ ਬੰਦਾ ਉੱਠਕੇ ਕਹਿਣ ਲੱਗਿਆ ਨੇਤਾ ਜੀ ਮੈਨੂੰ ਹੁਣ ਇਸ ਗੱਲ ਦੀ ਸਮਝ ਆਈ ਕਿ ਤੁਸੀਂ ਸਾਨੂੰ ਭੈਣੋਂ ਤੇ ਭਰਾਵੋ ਕਿਓਂ ਕਹਿ ਰਹੇ ਸੀ ।ਨੇਤਾ ਜੀ ਨੇ ਬੰਦੇ ਦੀ ਕਹੀ ਹੋਈ ਗੱਲ ਅਣਸੁਣੀ ਕਰਦੇ ਹੋਏ ਕਿਹਣਾ ਸੁਰੂ ਕੀਤਾ, ਤੁਸੀਂ ਮੈਨੂੰ ਵੋਟ ਪਾਉ ਜੇ ਮੈਂ ਜਿੱਤ ਗਿਆ ਤਾਂ ਮੈਂ ਤੁਹਾਡੇ ਸ਼ਹਿਰ ਨੂੰ ਨਰਕ ਬਣਾ ਦੇਵਾਂਗਾ । ਤੇ ਇਕ ਔਰਤ ਉਠ ਕੇ ਕਹਿਣ ਲੱਗੀ ਸੜਕਾਂ ਟੁੱਟੀਆਂ ਪਈਆਂ ਹਨ,ਬਿਜਲੀ ਚੋਵੀ ਘੰਟਿਆਂ ਵਿਚ ਦੋ ਘੰਟੇ ਆਉਂਦੀ ਹੈ ਉਹ ਭੀ ਪਤਾ ਨਹੀਂ ਕਿਸਦੀ ਗਲਤੀ ਨਾਲ ਆਉਂਦੀ ਹੈ, ਗਲੀਆਂ ਵਿਚ ਗੰਦ ਪਿਆ ਰੰਹਿਦਾ ਹੈ ਮੱਖੀਆਂ ਪਹਿਲਾਂ ਤਾਂ ਗੰਦ ਤੇ ਬੈਠਦੀਆਂ ਹਨ ਫੇਰ ਖਾਣ ਪੀਣ ਵਾਲੀਆਂ ਚੀਜਾਂ ਤੇ ਬਹਿੰਦੀਆਂ ਹਨ ਤੇ ਬਿਮਾਰੀ ਫਲਾਉਂਦੀਆਂ ਹਨ ਪਾਣੀ ਦਾ ਤਾਂ ਰੱਬ ਹੀ ਰਾਖਾ ਹੈ, ਮਾੜਾ ਜਿਹਾ ਮੀਂਹ ਪੈ ਜਾਵੇ ਤਾਂ ਸਾਰੇ ਸ਼ਹਿਰ ਵਿਚ ਚਿੱਕੜ ਹੀ ਚਿੱਕੜ ਹੋ ਜਾਂਦਾ ਹੈ, ਤੇ ਉਸ ਚਿੱਕੜ ਵਿਚ ਮੱਛਰ ਉਤਪਾਦਨ ਦਾ ਕੰਮ ਬੜੇ ਧੜੱਲੇ ਨਾਲ ਹੁੰਦਾ ਹੈ ਨੇਤਾ ਜੀ ਸਾਡੇ ਸ਼ਹਿਰ ਨੂੰ ਹੋਰ ਇਸਤੋਂ ਵੱਧ ਤੁਸੀਂ ਨਰਕ ਕੀ ਬਣਾਉਂਗੇ । ਨੇਤਾ ਜੀ ਨੇ ਉਸ ਔਰਤ ਦੀ ਕਹੀ ਹੋਈ ਗੱਲ ਤੇ ਗੌਰ ਨਾ ਕਰਦੇ ਹੋਏ ਆਪਣਾ ਭਾਸ਼ਣ ਚਾਲੂ ਰੱਖਿਆ, ਤੇ ਕਹਿਣ ਲੱਗਿਆ,ਤੂੰ ਬਹੁਤੀਆਂ ਗੱਲਾਂ ਨਾ ਕਰ ,ਸ਼ਹਿਰ ਨੂੰ ਨਰਕ ਤਾਂ ਤੁੰਸੀਂ ਲੋਕ ਬਣਾਉਂਦੇ ਹੋ ਕੂੜਾ ਬੁਹਾਰਿਆ ਬਾਹਰ ਸੜਕ ਤੇ ਸੁੱਟ ਦਿੱਤਾ, ਚਾਟ ਪਕੌੜੀ ਖਾਦੀ ਪੱਤਲਾਂ (ਪਲੇਟਾਂ )ਮਾਰੀਆਂ ਚਲਾਕੇ ਸੜਕ ਤੇ, ਗੰਦ ਤੁਸੀਂ ਪਾਉਂਦੇ ਹੋ ਤੇ ਦੋਸ਼ ਸਾਨੂੰ ਦਿੰਦੇ ਹੋ ।ਖ਼ੈਰ, ਤੁਸੀਂ ਮੈਨੂੰ ਜਿਤਾਉ ਮੇਰੀ ਜਿੱਤ ਸਾਡੀ ਚੰਦਾ ਮਾਰ ਪਾਰਟੀ ਦੀ ਜਿੱਤ ਹੋਵੇਗੀ ਜੇ ਸਾਡੀ ਪਾਰਟੀ ਜਿੱਤ ਗਈ ਤਾਂ ਅਸੀਂ ਖ਼ੂਨ ਦੀਆਂ ਨਦੀਆਂ ਵਹਾ ਦਿਆਂਗੇ । ਇਹ ਸੁਣ ਕੇ ਉਸਦੇ ਸੈਕਟਰੀ ਨੇ ਨੇਤਾ ਜੀ ਦੀ ਪੈਂਟ ਖਿੱਚਕੇ ਇਸ਼ਾਰਾ ਕੀਤਾ ਅਤੇ ਨੇਤਾ ਜੀ ਦੇ ਕੰਨ ਵਿਚ ਕਿਹਾ, ਕਿ ਇਹ ਤੁਸੀਂ ਕੀ ਕਹਿ ਰਹੇ ਹੋ ।ਤਾਂ ਨੇਤਾ ਜੀ ਨੇ ਆਪਣੀ ਗਲਤੀ ਮਹਿਸੂਸ ਕਰਦੇ ਹੋਏ ਕਿਹਾ, ਭੈਣੋਂ ਤੇ ਭਰਾਵੋ ਮੈਨੂੰ ਇੰਜ ਲਗਦਾ ਹੈੈ ਮੈਂ ਕੁਝ ਗਲਤ ਕਹਿ ਗਿਆ ਹਾਂ, ਮੈਂ ਇਹ ਕਹਿਣਾ ਚਾਹੁੰਦਾ ਸਾਂ ਕਿ ਜੇ ਮੈਂ ਜਿੱਤ ਗਿਆ ਤਾਂ ਸ਼ਰਾਬ ਦੀਆਂ ਨਦੀਆਂ ਵਹਾ ਦਿਆਂਗਾ, ਕਈ ਵਾਰੀ ਅਨਪੜ੍ਹ ਬੰਦੇ ਚੋਣਾਂ ਵਿਚ ਖੜੇ ਹੋ ਜਾਂਦੇ ਹਨ ਉਨ੍ਹਾਂ ਨੂੰ ਬੋਲਣ ਦਾ ਤਰੀਕਾ ਭੀ ਨਹੀਂ ਆਉਂਦਾ ਹੁੰਦਾ, ਇਹ ਨੇਤਾ ਜੀ ਉਨ੍ਹਾਂ ਚੋਂ ਹਨ । ਤੇ ਸੈਕਟਰੀ ਨੇ ਨੇਤਾ ਜੀ ਦੀ ਪੈਂਟ ਖਿੰਚਦੇ ਹੋਏ ਫੇਰ ਕਿਹਾ,ਨੇਤਾ ਜੀ ਇਹ ਤੁਸੀਂ ਕੀ ਕਹੀ ਜਾਨੇ ਹੋ, ਸ਼ਰਾਬ ਦੀਆਂ ਨਦੀਆਂ ਵਹਾਉਣ ਵਾਲੀ ਗੱਲ ਨਾਂ ਕਰੋ ਅਖ਼ਬਾਰਾਂ ਵਾਲੇ ਤੁਹ-ਾਡੇ ਪਿੱਛੇ ਪੈ ਜਾਣਗੇ ।ਤੇ ਨੇਤਾ ਗੁੱਸੇ ਵਿਚ ਆ ਕੇ ਮਾਈਕ ਤੇ ਹੀ ਸੈਕਟਰੀ ਨੂੰ ਗਾਲ੍ਹਾਂ ਕੱਢਣ ਲੱਗ ਗਿਆ, ਕਹਿਣ ਲੱਗਿਆ ਉਏ ਸੈਕਟਰੀ ਦੇ ਬੱਚੇ ਤੇਰਾ ਦਿਮਾਗ ਤਾਂ ਖ਼ਰਾਬ ਨਹੀਂ ਹੋ ਗਿਆ,ਮੇਰੀ ਕਈ ਵਾਰੀ ਤੂੰ ਪੈਂਟ ਖਿੱਚ ਚੁੱਕਿਆ ਹੈਂ ਮੇਰੀ ਪੈਂਟ ਦੇ ਤਾਂ ਇਕ ਦੋ ਬਟਨ ਵੀ ਟੁੱਟੇ ਹੋਏ ਹਨ ਤੇ ਮੈਂ ਤਾਂ ਹੇਠ ਕੱਛਾ ਵੀ ਨਹੀਂ ਪਾਇਆ ਹੋਇਆ, ਜੇ ਪੈਂਟ ਉੱਤਰ ਗਈ ਤਾਂ ਮੈਂ ਤਾਂ ਨੰਗਾ ਹੋ ਜਵਾਂਗਾ ਤੇਰਾ ਕੀ ਜਾਵੇਗਾ । ਕਿਉਂਕਿ ਇਹ ਗੱਲ ਨੇਤਾ ਜੀ ਨੇ ਮਾਈਕ ਤੇ ਕਹੀ ਸੀ ਸੁਣ ਕੇ ਸਾਰੇ ਹੱਸ ਪਏ ।ਹਾਸਾ ਬੰਦ ਹੋਇਆ ਤਾਂ ਓਸਨੇ ਫੇਰ ਕਹਿਣਾ ਸ਼ੁਰੂ ਕੀਤਾ ਸਜਣੋਂ ਅਸੀਂ ਨਾ ਤਾਂ ਕਿਸੇ ਦਾ ਭਲਾ ਚਾਹਿਆ ਹੈ, ਅਤੇ ਨਾ ਚਾਹਵਾਂਗੇ, ਜੇ ਮੈਂ ਜਿੱਤ ਗਿਆ ਤਾਂ ਰਿਸ਼ਵਤਖੋਰੀ, ਤਸਕਰੀ ਚੋਰੀ, ਮਿਲਾਵਟ ਤੇ ਬੇਈਮਾਨੀ ਜਾਇਜ ਕਰਾਰ ਕਰ ਦਿੱਤੀਆਂ ਜਾਣਗੀਆਂ, ਫੇਰ ਰਿਸ਼ਵਤ ਲੈਣ-ਦੇਣ, ਚੋਰੀ ਅਤੇ ਤਸਕਰੀ ਕਰਨ ਦੀ ਸ਼ਭ ਨੂੰ ਖੁੱਲੀ ਛੁੱਟੀ ਹੋਵੇਗੀ,ਫੇਰ ਨਾ ਸਟਿੰਗ ਉਪਰੇਸ਼ਨ ਹੋਣ ਦਾ ਡਰ, ਨਾ ਥਾਣਿਆਂ ਅਤੇ ਕਚਹਿਰੀਆਂ ਦੇ ਚੱਕਰ,ਅਤੇ ਨਾ ਵਕੀਲਾਂ ਦਾ ਖਰਚਾ, ਫੇਰ ਤਾਂ ਮੌਜਾਂ ਹੀ ਮੌਜਾਂ ਹੋ ਜਾਣਗੀਆਂ ।ਦੇਖੋ ਮਿਲਾਵਟ ਦਾ ਕਿੰਨਾ ਲਾਭ ਹੋਵੇਗਾ,ਮਿਲਾਵਟ ਵਾਲਾ ਜਹਿਰ ਖਾਕੇ ਕੋਈ ਨਹੀਂ ਮਰੇਗਾ । ਪਰ ਗਧੇ ਦੇ ਨਿਸ਼ਾਨ ਤੇ ਆਪਣਾ ਵੋਟ ਪਾਕੇ ਮੈਨੂੰ ਪਹਿਲਾਂ ਜਿਤਾ ਦਿਉ, ਫੇਰ ਦੇਖਿਉ ਮੈਂ ਕਿਵੇਂ ਤੁਹਾਡੇ ਬਿਸਤਰੇ ਗੋਲ ਕਰਦਾ ਹਾਂ ।

ਇਹ ਸੀ ਪਹਿਲੇ ਨੇਤਾ ਦਾ ਭਾਸ਼ਣ, ਦੂਜਾ ਨੇਤਾ ਕੀ ਕੰਹਿਦਾ ਹੈ ਉਹ ਸੁਣੋ ਇਹ ਨੇਤਾ ਮੂਰਖਤਾ ਭਰੀਆਂ ਗੱਲਾਂ ਕਰਨ ਵਿਚ ਬੜਾ ਮਸ਼ਹੂਰ ਹੈ । ਜੇਲ੍ਹ ਵਿਚ ਜਾਕੇ ਕਹਿਣ ਲੱਗਿਆ, ਜੇਲ੍ਹਰ ਸਾਹਬ ਅਤੇ ਮੇਰੇ ਸਾਥੀ ਮੁਜਰਮੋਂ, ਮੈਨੂੰ ਆਪਣਿਆਂ ਵਿਚ ਆਕੇ ਬਹੁਤ ਖੁਸ਼ੀ ਹੋ ਰਹੀ ਹੈ,ਜੇ ਤੁਸੀਂ ਵੋਟ ਨਹੀਂ ਪਾ ਸਕਦੇ ਤਾਂ ਆਪਣੇ ਰਿਸ਼ਤੇਦਾਰਾਂ ਨੂੰ ਕਹਿਕੇ ਮੈਨੂੰ ਵੋਟ ਪੁਆਉ ਮੈਂ ਵਾਅਦਾ ਕਰਦਾ ਹਾਂ ਜਿੱਤਣ ਤੋਂ ਬਾਅਦ ਮੈਂ ਸਾਰੇ ਬਦਮਾਸ਼ਾਂ ਅਤੇ ਮੁਜਰਮਾਂ ਨੂੰ ਜੇਲ੍ਹ ਚੋਂ ਬਾਹਰ ਕਢਵਾ ਦਿਆਂਗਾ ਅਤੇ ਸਾਰੇ ਸ਼ਰੀਫ਼ ਲੋਕਾਂ ਨੂੰ ਜੇਲ੍ਹਾਂ ਵਿਚ ਬੰਦ ਕਰਾ ਦਿਆਂਗਾ, ਹਰ ਬੰਦੇ ਨੂੰ ਹਰ ਬੁਰਾ ਕੰਮ ਕਰਨ ਦੀ ਅਜ਼ਾਦੀ ਹੋਵੇਗੀ ਤੇ ਉਦੋਂ ਆਵੇਗੀ ਅਸਲੀ ਅਜ਼ਾਦੀ । ਮੇਰੇ ਕੈਦੀ ਸਾਥੀਉ ਮੇਰੀਆਂ ਕਈ ਦੁਕਾਨਾਂ ਭੀ ਹਨ, ਜਿਥੇ ਕਲੀਨ ਚਿਟਾਂ,ਇੱਟਾਂ ਰੋੜੇ,ਮਿੱਟੀ ਦਾ ਤੇਲ,ਮਾਚਿਸ ਦੀਆਂ ਡੱਬੀਆਂ,ਅਤੇ ਬੜੇ ਸਸਤੇ ਭਾਅ ਵਿਚ ਵਿਕਦਾ ਹੈ, ਮੇਰੀਆਂ ਦੁਕਾਨਾਂ ਤੋਂ ਇੱਟਾਂ ਰੋੜੇ ਖ਼ਰੀਦ ਕੇ ਚਲਾਉ, ਬੱਸਾਂ ਦੀ ਭੰਨ ਤੋੜ ਕਰੋ, ਫੇਰ ਮੇਰੇ ਕੋਲੋਂ ਕਲੀਨ ਚਿੱਟ ਲੈ ਜਾਉ, ਕੋਰਟ ਕਚਹਿਰੀ ਵਾਲੇ ਕਲੀਨ ਚਿੱਟ ਦੇਖਦੇ ਸਾਰ ਹੀ ਤੁਹਾਨੂੰ ਬਰੀ ਕਰ ਦੇਣਗੇ ।ਪਰ ਇਹ ਤਾਹੀਂ ਹੋ ਸਕੇਗਾ ਜੇ ਤਸੀਂ ਬੰਬ ਦੇ ਨਿਸ਼ਾਨ ਤੇ ਕਾਟਾ ਮਾਰਕੇ ਮੈਨੂੰ ਜਿਤਾਉਂਗੇ ।

। ਆਹ ਲਉ ਤੀਜੇ ਨੇਤਾ ਦੀ ਭੀ ਗੱਲ ਸੁਣ ਲਉ ਉਹ ਕੀ ਕੰਹਿਦਾ ਹੈ ।ਇਕ ਸਕੂਲ ਵਿਚ ਜਾਕੇ ਉਸਨੇ ਭਾਸ਼ਣ ਦਿੰਦੇ ਹੋਏ ਕਿਹਾ, ਮੇਰੇ ਪਿਆਰੇ ਵਿਦਿਆਰਥੀਉ,ਹੁਣ ਟਿਉਸ਼ਨਾਂ ਰੱਖਣ,ਨਕਲ ਕਰਨ, ਅਤੇ ਪੇਪਰ ਲੀਕ ਕਰਨ ਦਾ ਜ਼ਮਾਨਾ ਗਿਆ, ਮੇਰੇ ਸਾਥੀਉ ਮੇਰੀ ਜਿੱਤ ਮੇਰੀ ਪਾਰਟੀ ਜਿਸਦਾ ਨਾਂਅ ਅਨਪੜ੍ਹ ਗੰਵਾਰ ਪਾਰਟੀ ਹੈ ਦੀ ਜਿੱਤ ਹੈ, ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਜੇ ਮੈਂ ਜਿੱਤ ਗਿਆ ਤਾਂ ਕੋਈ ਭੀ ਵਿਦਿਆਰਥੀ ਫ਼ੇਲ੍ਹ ਨਹੀਂ ਹੋਵ-ੇਗਾ ।ਬੱਚਿਉ ਇਮਧਿਹਾਨ ਹੋਣਗੇ ਤਾਂ ਫ਼ੇਲ੍ਹ ਜਾਂ ਪਾਸ ਹੋਵੋਗੇ, ਮੈਂ ਇਮਧਿਹਾਨ ਹੀ ਬੰਦ ਕਰਵਾ ਦੇਣੇ ਹਨ, ਫੇਰ ਕਿਹੜਾ ਮਾਂ ਦਾ ਪੁੱਤ ਤੁਹਾਨੂੰ ਫ਼ੇਲ੍ਹ ਕਰੇਗਾ । ਪਰ ਪਹਿਲਾਂ ਕਿਤਾਬ ਦੇ ਨਿਸ਼ਾਨ ਤੇ ਵੋਟ ਪਾਕੇ ਮੈਨੂੰ ਜਿਤਾਉ ਫੇਰ ਦੇਖਿਉ ਸਾਰੇ ਸਕੂਲ ਨਾ ਬੰਦ ਕਰਾ ਦਿੱਤੇ ਤਾਂ ਮੇਰਾ ਨਾਂਅ ਬਦਲ ਦਿਉ । ਤੇ ਇਕ ਬੰਦਾ ਉੱਠ ਕੇ ਕਹਿਣ ਲੱਗਿਆ ਅਸੀਂ ਦਲ ਬਦਲੂ ਨੇਤਾ ਤਾਂ ਬਹੁਤ ਦੇਖੇ ਹਨ, ਆਪਣਾ ਨਾਂਅ ਬਦਲਨ ਵਾਲਾ ਨੇਤਾ ਅੱਜ ਪਹਿਲੀ ਵਾਰੀ ਦੇਖਿਆ ਹੈ । ਉਸ ਬੰਦੇ ਦੀ ਕਹੀ ਹੋਈ ਗੱਲ ਦਾ ਗੁੱਸਾ ਕਰਦੇ ਹੋਏ ਨੇਤਾ ਜੀ ਉਸ ਬੰਦੇ ਨੂੰ ਗਾਲ੍ਹ ਕਢਦੇ ਹੋਏ ਕਹਿਣ ਲੱਗੇ, ਉਏ ਆਪਣਾ ਮੂੰਹ ਬੰਦ ਰੱਖ ਨਹੀਂ ਤਾਂ ਇਕ ਘਸੁੱਨ ਮਾਰਕੇ ਮੂੰਹ ਤੇ ਚਿੱਬ ਪਾ ਦੇਵਾਂਗਾ । ਤੂੰ ਗਾਲ੍ਹ ਕਿਉਂ ਕਢਦਾ ਹੈਂ ਉਏ, ਨੇਤੇ ਇਹੋ ਜਿਹੇ ਹੁੰਦੇ ਹੈ, ਜਿਸਨੂੰ ਬੋਲਣ ਦੀ ਭੀ ਤਮੀਜ ਨਹੀਂ ਤੇ ਉਸ ਬੰਦੇ ਨੇ ਗੁੱਸੇ ਦੇ ਵਿਚ ਆਕੇ ਆਵਦੀ ਜੁੱਤੀ ਲਾਹਕੇ ਨੇਤਾ ਜੀ ਤੇ ਵਗਾਹ ਕੇ ਮਾਰੀ,ਕਿਉਂਕਿ ਜੁੱਤੀ ਬੜੇ ਜੋਰ ਦੇ ਨਾਲ ਨੇਤਾ ਜੀ ਦੇ ਮੂੰਹ ਤੇ ਵੱਜੀ ਸੀ ਨੇਤਾ ਜੀ ਸਟੇਜ ਤੇ ਬੌਂਦਲ ਕੇ ਡਿੱਗ ਪਏ, ਸਾਰੇ ਪਾਸੇ ਹਫ਼ੜਾ-ਤਫ਼ੜੀ ਮੱਚ ਗਈ, ਪੁਲਿਸ ਵਾਲੇ ਉਸ ਬੰਦੇ ਨੂੰ ਪਕੜ ਕੇ ਲੈ ਗਏ ਅਤੇ ਨੇਤਾਜੀ ਦੇ ਸਾਥੀ ਨੇਤਾ ਜੀ ਤੇ ਪਾਣੀ ਦੇ ਛਿੱਟੇ ਮਾਰਕੇ ਉਸਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਵਿਚ ਲੱਗ ਗਏ, ਤੇ ਸ਼ਭਾ ਖਤਮ ਹੋ ਗਈ ।

ਲਉ ਅਸੀਂ ਤੁਹਾਨੂੰ ਇਕ ਹੋਰ ਨੇਤਾ ਜੀ ਦਾ ਭਾਸ਼ਣ ਸੁਣਾਉਣ ਲੱਗੇ ਹਾਂ ਜਰਾ ਗੌਰ ਨਾਲ ਸੁਣਿਉਂ । ਇਕ ਨੇਤਾ ਝੌਂਪੜੀਆਂ ਵਿਚ ਗਿਆ ਤੇ ਉਸਨੇ ਉਥੋਂ ਦੇ ਲੋਕਾਂ ਨੂੰ ਕਿਹਾ,ਮੇਰਾ ਨਾਂਅ ਤਾਂ ਹਰ ਇਕ ਦੀ ਜਬਾਨ ਤੇ ਹੈ, ਮੈਂ ਮਾਫ਼ੀਆ ਦਾ ਸਰਗਨਾ ਵੱਡਾ ਸਾਜਨ (ਛੋਟੇ ਰਾਜਨ ਦਾ ਕਜ਼ਨ ) ਹਾਂ, ਮੇਰਾ ਚੋਣ ਨਿਸ਼ਾਨ ਬੰਦੂਕ ਹੈ, ਅਤੇ ਮੇਰੀ ਪਾਰਟੀ ਦਾ ਨਾਂਅ ਹੈ ਸੁਪਾਰੀ ਲੈ, ਜਿਹੜੀ ਭੀ ਸਰਕਾਰ ਆਈ ਉਸਨੇ ਅਰਬਾਂ ਰੁਪਏ ਭੁਖਮਰੀ ਦੂਰ ਕਰਨ ਅਤੇ ਅਬਾਦੀ ਘਟਾਉਣ ਵਾਸਤੇ ਖਰਚ ਕਰ ਦਿੱਤੇ ਪਰ ਨਤੀਜਾ ਕੋਈ ਨਹੀਂ ਨਿਕਲਿਆ, ਮੈਂ ਚਾਹੁੰਦਾ ਹਾਂ ਭੁਖਮਰੀ ਦੂਰ ਕਰਨ ਵਾਸਤੇ ਅਸੀਂ ਇਕ ਸਾਂਝੇ ਪਲੇਟਫਾਰਮ ਤੇ ਇਕੱਠੇ ਹੋਈਏ ।ਤੇ ਇਕ ਨੌਜਵਾਨ ਖ਼ੜਾ ਹੋਕੇ ਕਹਿਣ ਲੱਗਿਆ, ਨੇਤਾ ਜੀ ਕਿੰਨੇ ਨੰਬਰ ਪਲੇਟਫਾਰਮ ਤੇ ਖੜੇ ਹੋਈਏ ਜੀ । ਤੇ ਉਸਦੀ ਗੱਲ ਸੁਣਕੇ ਸਾਰੇ ਲੋਕ ਹੱਸ ਪਏ ।ਹਾਸਾ ਬੰਦ ਹੋਇਆ ਤਾਂ ਨੇਤਾ ਜੀ ਨੇ ਫੇਰ ਬੋਲਣਾ ਸ਼ੁਰੂ ਕੀਤਾ । ਕਹਿਣ ਲੱਗੇ, ਸਾਡੀ ਸਰਕਾਰ ਕੇਵਲ ਵਾਅਦੇ ਹੀ ਨਹੀਂ ਕਰਦੀ ਉਨ੍ਹਾਂ ਨੂੰ ਤੋੜਦੀ ਭੀ ਹੈ, ਦੂਜੀਆਂ ਸਰਕਾਰਾਂ ਤੰਹਾਨੂੰ ਧੋਖਾ ਦਿੰਦੀਆਂ ਆਈਆਂ ਹਨ, ਧੋਖਾ ਦੇਣ ਦਾ ਇਕ ਮੌਕਾ ਸਾਨੂੰ ਭੀ ਦਿਉ । ਜੇ ਅਸੀਂ ਜਿੱਤ ਗਏ ਤਾਂ ਭੁਖਮਰੀ ਦੂਰ ਕਰਨ ਵਾਸਤੇ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਬਹੁ ਪੱਖੀ ਵਾਰਤਾ ਕਰਕੇ ਅਨਾਜ ਦਰਾਮਦ ਕਰਨ ਦੀ ਵਜਾਏ ਬਹੁਤ ਸਾਰੀਆਂ ਪੱਖੀਆਂ ਖਰੀਦਾਂਗੇ ਉਸਦੇ ਦੋ ਲਾਭ ਹੋਣਗੇ ਇਕ ਤਾਂ ਬਿਜਲੀ ਦਾ ਖਰਚਾ ਬਚੇਗਾ ਕਿਉਂਕਿ ਪੱਖੇ ਚਲਾਉਣ ਦੀ ਜਰੂਰਤ ਨਹੀਂ ਰਹੇਗੀ, ਤੇ ਦੂਜੇ ਜੇ ਕਿਸੇ ਨੂੰ ਰੋਟੀ ਨਹੀਂ ਮਿਲੇਗੀ ਤਾਂ ਉਹ ਪੱਖੀ ਝੱਲ ਕੇ ਹਵਾ ਤਾਂ ਖਾ ਸਕੇਗਾ, ਜੇ ਭੁਖਮਰੀ ਫੇਰ ਭੀ ਦੂਰ ਨਾ ਹੋਈ ਤਾਂ ਅਸੀਂ ਹਰ ਸ਼ਹਿਰ ਵਿਚ ਭੁਖਮਰੀ ਕੇਂਦਰ ਖੋਲਾਂਗੇ ਜਿਥੇ ਹਰ ਬੰਦੇ ਨੂੰ ਭੁੱਖੇ ਰਹਿਣ ਦੀ ਪ੍ਰੈਕਟਿਸ ਕਰਵਾਈ ਜਾਵੇਗੀ ਤਾਂਕਿ ਰੋਟੀ ਦੀ ਜਰੂਰਤ ਹੀ ਨਾ ਪਵੇ , ਹੋ ਗਿਆ ਨਾ ਰੋਟੀ ਦਾ ਮਸਲਾ ਹਲ ।ਇਖ ਔਰਤ ਉੱਠ ਕੇ ਕਹਿਣ ਲੱਗੀ ਨੇਤਾ ਜੀ ਤਸੀਂ ਇੰਨੀ ਦੇਰ ਤੋਂ ਭਕਾਈ ਜਿਹੀ ਮਾਰੀ ਜਾਨੇ ਹੋ, ਸਾਨੂੰ ਤੁਹਾਡੀ ਕਿਸੇ ਗੱਲ ਦੀ ਸਮਝ ਨਹੀਂ ਪਈ , ਜੇ ਸਮਝ ਨਹੀਂ ਪਈ ਤਾਂ ਮੈਂ ਇਵੇਂ ਹੀ ਪਿਛਲੇ ਇਕ ਘੰਟੇ ਇਵੇਂ ਹੀ ਭੌਂਕੀ ਜਾਨਾ ਹਾਂ, ਇਕ ਬੰਦਾ ਉੱਠ ਕੇ ਕਹਿਣ ਲੱਗਿਆ, ਮੈਂ ਸੁਣਿਐਂ ਨੇਤਾ ਜੀ ਤੁਸੀਂ ਬਹੁਤ ਘਮੰਡੀ ਹੋ । ਇਸ ਗੱਲ ਤੋਂ ਨੇਤਾ ਜੀ ਨੂੰ ਗੁੱਸਾ ਆਗਿਆ ਅਤੇ ਉਹ ਗੁੱਸੇ ਵਿਚ ਗਾਲ੍ਹਾਂ ਕੱਢਦਾ ਹੋਇਆ ਉਸ ਬੰਦੇ ਨੂੰ ਬੋਲਿਆ, ਬੈਠ ਜਾਹ ਉਏ ਚੁੱਪ ਕਰਕੇ ਜੇ ਮੇਰੇ ਵਿਚ ਘਮੰਡ ਹੁੰਦਾ ਤਾਂ ਇੱਥੇ ਆ ਕੇ ਮੈਂ ਟਕੇ-ਟਕੇ ਦੇ ਬੰਦਿਆਂ ਦੀਆਂ ਮਿੰਨਤਾਂ ਨਹੀਂ ਸੀ ਕਰਨੀਆਂ, ਜੇ ਤੁਸੀਂ ਬੰਦੂਕ ਦੇ ਨਿਸ਼ਾਨ ਤੇ ਕਾਟਾ ਨਾ ਮਾਰਿਆ ਤਾਂ ਸਾਰੀਆਂ ਝੁੱਗੀਆਂ ਨੂੰ ਅੱਗ ਲਗਵਾ ਦੇਵਾਂਗਾ ਤੁਹਾਨੂੰ ਡੁੱਬ ਕੇ ਮਰ ਜਾਣਾ ਚਾਹੀਦਾ ਹੈ ਜਗ੍ਹਾ ਜਗ੍ਹਾ ਤੇ ਝੁਗੀਆਂ ਪਾ ਕੇ ਗੰਦ ਪਾ ਰੱਖਿਆ ਹੈ ।ਇਹ ਗੱਲ ਸੁਣਕੇ ਝੁੱਗੀ ਵਾਲੇ ਸਾਰੇ ਬੰਦਿਆਂ ਨੇ ਮਿਲਕੇ ਨੇਤਾ ਜੀ ਨੂੰ ਭੁੰਜੇ ਸੁੱਟ ਲਿਆ, ਤੇ ਕਹਿਣ ਲਗੇ ਤੂੰ ਹੁੰਦਾ ਕੌਣ ਹੈਂ ਝੁੱਗੀਆਂ ਨੂੰ ਅੱਗ ਲਗਾਉਣ ਵਾਲਾ, ਤੇ ਉਨ੍ਹਾ ਨੇ ਨੇਤਾ ਜੀ ਦੀ ਛਿੱਤਰਾਂ ਨਾਲ ਉਹ ਸੇਵਾ ਕੀਤੀ, ਨੇਤਾ ਜੀ ਨੂੰ ਹਸਪਤਾਲ ਵਿਚ ਜਾਕੇ ਹੋਸ਼ ਆਈ, ਉਸ ਤੋਂ ਬਾਅਦ ਉਸਨੇ ਚੋਣਾਂ ਵਿਚ ਖ਼ੜੇ ਹੋਣ ਤੋਂ ਤੌਬਾ ਕਰ ਲਈ ਅਤੇ ਆਪਣਾ ਨਾਂਅ ਭੀ ਉਮੀਦਵਾਰਾਂ ਦੀ ਲਿਸਟ ਚੋਂ ਬਾਹਰ ਕੱਢ ਲਿਆ, ਵਿਚਾਰੇ ਨੂੰ ਚੰਗੀ ਕੁੱਟ ਪਈ ਸੀ, ਫੇਰ ਉਸਨੂੰ ਕਦੇ ਵੀ ਕਿਸੇ ਨੇ ਝੁੱਗੀਆਂ ਵੱਲ ਆਉਂਦੇ ਜਾਂਦੇ ਨਹੀਂ ਦੇਖਿਆ ।



ਭਗਵਾਨ ਸਿੰਘ ਤੱਗੜ